Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 95 | Monday, May 16, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਫਲੋ ਸ਼ੂਟਰ ਨੇ ਬਲੈਕ ਲੋਕਾਂ ਨੂੰ ਸੋਚ ਸਮਝ ਕੇ ਨਿਸ਼ਾਨਾ ਬਣਾਇਆ



ਬਫਲੋ, 15 ਮਈ (ਪੋਸਟ ਬਿਊਰੋ) : 18 ਸਾਲਾਂ ਦੇ ਗੋਰੇ ਲੜਕੇ, ਜਿਸ ਨੇ ਬਫਲੋ ਦੀ ਸੁਪਰਮਾਰਕਿਟ ਵਿੱਚ 10 ਵਿਅਕਤੀਆਂ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ, ਨੇ ਇੱਕ ਦਿਨ ਪਹਿਲਾਂ ਮੌਕਾ-ਏ-ਵਾਰਦਾਤ ਉੱਤੇ ਜਾ ਕੇ ਹਾਲਾਤ ਦਾ ਪੂਰਾ ਜਾਇਜ਼ਾ ਲਿਆ ਸੀ ਤੇ ਵੱਧ ਤੋਂ ਵੱਧ ਕਾਲੇ ਲੋਕਾਂ ਨੂੰ ਮਾਰਨ ਲਈ ਸਥਿਤੀ ਦਾ ਮੁਆਇਨਾ ਵੀ ਕੀਤਾ ਸੀ। ਇਹ ਖੁਲਾਸਾ ਅਧਿਕਾਰੀਆਂ ਵੱਲੋਂ ਕੀਤਾ ਗਿਆ।

ਅਧਿਕਾਰੀਆਂ ਅਨੁਸਾਰ ਇਸ ਲੜਕੇ ਨੂੰ ਇੱਕ ਸਾਲ ਪਹਿਲਾਂ ਆਪਣੇ ਹਾਈ ਸਕੂਲ ਵਿੱਚ ਧਮਕੀਆਂ ਦੇਣ ਤੋਂ ਬਾਅਦ ਸਟੇਟ ਪੁਲਿਸ ਵੱਲੋਂ ਹਸਪਤਾਲ ਲਿਜਾਇਆ ਗਿਆ ਸੀ ਤੇ ਹੁਣ ਉਸ ਨੇ ਇਹ ਕਾਰਾ ਕਰ ਦਿੱਤਾ ਹੈ। ਪੁਲਿਸ ਨੇ ਦੱਸਿਆ ਕਿ ਉਸ ਸਮੇਂ ਉਸ ਨੂੰ ਕਿਸੇ ਤਰ੍ਹਾਂ ਦੇ ਜੁਰਮ ਲਈ ਚਾਰਜ ਨਹੀਂ ਕੀਤਾ ਗਿਆ ਤੇ ਉਹ ਡੇਢ ਕੁ ਦਿਨ ਬਾਅਦ ਹੀ ਹਸਪਤਾਲ ਤੋਂ ਬਾਹਰ ਆ ਗਿਆ ਸੀ। ਪਰ ਇਸ ਲੜਕੇ ਦੀ ਹਥਿਆਰਾਂ ਤੱਕ ਪਹੁੰਚ ਨਾਲ ਕਈ ਸਵਾਲ ਉੱਠਦੇ ਹਨ ਤੇ ਇਹ ਵੀ ਕਿੰਤੂ ਕਰਨਾ ਬਣਦਾ ਹੈ ਕਿ ਕੀ ਉਸ ਨੂੰ ਪੁਲਿਸ ਦੀ ਸਖ਼ਤ ਨਿਗਰਾਨੀ ਵਿੱਚ ਨਹੀਂ ਸੀ ਰੱਖਿਆ ਜਾ ਸਕਦਾ।

ਟੌਪਸ ਫਰੈਂਡਲੀ ਮਾਰਕਿਟ ਦੇ ਆਲੇ ਦੁਆਲੇ ਵਧੇਰੇ ਕਰਕੇ ਬਲੈਕ ਕਮਿਊਨਿਟੀ ਰਹਿੰਦੀ ਹੈ ਤੇ ਇਸ ਘਟਨਾ ਤੋਂ ਬਾਅਦ ਬਲੈਕ ਲੋਕਾਂ ਵਿੱਚ ਕਾਫੀ ਰੋਹ ...ਬਾਕੀ ਪੰਨਾ 4 'ਤੇ

## ਮੇਰੀ ਅਗਵਾਈ ਵਾਲੀ ਸਰਕਾਰ ਵਿੱਚ ਸੋਸ਼ਲ ਕੰਜ਼ਰਵੇਟਿਵਜ਼ ਲਈ ਵੀ ਹੋਵੇਗੀ ਥਾਂ : ਪੈਟ੍ਰਿਕ ਬ੍ਰਾਊਨ



ਓਨਟਾਰੀਓ, 15 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਦੇ ਉਮੀਦਵਾਰ ਪੈਟ੍ਰਿਕ ਬ੍ਰਾਊਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਪਾਰਟੀ ਵਿੱਚ ਸੋਸ਼ਲ ਕੰਜ਼ਰਵੇਟਿਵਜ਼ ਲਈ ਥਾਂ ਹੋਵੇਗੀ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਸਪਸ਼ਟ ਕਰ ਦਿੱਤਾ ਕਿ ਗਰਭਪਾਤ ਵਰਗੇ ਮੁੱਦਿਆਂ ਉੱਤੇ ਉਨ੍ਹਾਂ ਦੇ ਵਿਚਾਰਾਂ ਨੂੰ ਕੋਈ ਬਦਲ ਨਹੀਂ ਸਕਦਾ।

ਇੱਕ ਇੰਟਰਵਿਊ ਵਿੱਚ ਬ੍ਰਾਊਨ ਨੇ ਆਖਿਆ ਕਿ ਕੰਜ਼ਰਵੇਟਿਵ ਪਰਿਵਾਰ ਵਿੱਚ ਸਾਰੇ ਕੰਜ਼ਰਵੇਟਿਵਾਂ ਦਾ ਸਵਾਗਤ ਹੈ ਤੇ ਉਨ੍ਹਾਂ ਚੇਤੇ ਕਰਵਾਉਂਦਿਆਂ ਆਖਿਆ ਕਿ ਜਦੋਂ ਉਹ ਪਾਰਟੀ ਲੀਡਰ ਸਨ ਤਾਂ ਕਈ ਉੱਘੇ ਸੋਸ਼ਲ ਕੰਜ਼ਰਵੇਟਿਵ ਨਾਮਜਦ ਹੋਏ ਸਨ। ਉਨ੍ਹਾਂ ਆਖਿਆ ਕਿ ਪਾਰਟੀ ਵਿੱਚ ਉਨ੍ਹਾਂ ਦੀ ਥਾਂ ਦਾ ਉਹ ਸਵਾਗਤ ਕਰਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਵਿੱਚ ਇਹ ਬਹਿਸ ਮੁੜ ਨਹੀਂ ਹੋਵੇਗੀ।

ਬ੍ਰਾਊਨ ਨੇ ਆਖਿਆ ਕਿ ਸਾਡਾ ਸਾਰਾ ਧਿਆਨ ਕੈਨੇਡਾ ਨੂੰ ਮੁੜ ਪੈਰਾਂ ਸਿਰ ਕਰਨ, ਆਪਣੇ ਅਰਥਚਾਰੇ ਦੇ ਵਿਕਾਸ, ਰੋਜ਼ਗਾਰ ਪੈਦਾ ਕਰਨ ਤੇ ਨਿਵੇਸ਼ਕਾਂ ਨੂੰ ਕੈਨੇਡਾ ਵਿੱਚ ਨਿਵੇਸ਼ ਕਰਨ ਲਈ ਆਕਰਸ਼ਿਤ ਕਰਨ ਵੱਲ ਹੋਣਾ ਚਾਹੀਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਹੋਈ ਬਹਿਸ ਦੌਰਾਨ ਪਿਏਰ ਪੌਲੀਏਵਰ ਵੱਲੋਂ ਗਰਭਪਾਤ ਬਾਰੇ ਆਪਣਾ ਸਟੈਂਡ ਸਪਸ਼ਟ ਨਾ ਕੀਤੇ ਜਾਣ ਨੂੰ ਲੈ ਕੇ ਕਈ ਪਾਰਟੀ ਲੀਡਰਸ਼ਿਪ ਉਮੀਦਵਾਰ ਉਨ੍ਹਾਂ ਦੇ ਮਗਰ ਪੈ ਗਏ ਸਨ। ਜਿਸ ਦੇ ਚੱਲਦਿਆਂ ਬੁੱਧਵਾਰ ਨੂੰ ਪੌਲੀਏਵਰ ਨੇ ਆਖਿਆ ਕਿ ਉਹ ਮਰਜ਼ੀ ਦੀ ਚੋਣ ਉੱਤੇ ਯਕੀਨ ਕਰਦੇ ਹਨ।

## ਐਨਡੀਪੀ ਵੱਲੋਂ ਛੇ ਸਾਲਾਂ ਵਿੱਚ ਬਜਟ ਸੰਤੁਲਿਤ ਕਰਨ ਦਾ ਵਾਅਦਾ

### * ਗੈਸ ਟੈਕਸ ਕਟੌਤੀ ਨੂੰ ਰੱਦ ਕਰੇਗੀ ਐਨਡੀਪੀ




ਓਨਟਾਰੀਓ, 15 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਨੇ ਇਹ ਸਪਸ਼ਟ ਕੀਤਾ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਛੇ ਸਾਲ ਤੱਕ ਬਜਟ ਸੰਤੁਲਿਤ ਨਹੀਂ ਕਰਨਗੇ। ਪਰ ਪਾਰਟੀ ਦਾ ਇਹ ਵੀ ਕਹਿਣਾ ਹੈ ਕਿ ਉਹ ਗੈਸ ਟੈਕਸ ਕਟੌਤੀ ਨੂੰ ਰੱਦ ਕਰਕੇ ਕੁੱਝ ਬਚਤ ਕਰ ਸਕੇਗੀ।

ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਗੈਸ ਟੈਕਸ ਦੇ ਪ੍ਰੋਵਿੰਸ਼ੀਅਲ ਹਿੱਸੇ ਵਿੱਚ 5.7 ਸੈਂਟ ਪ੍ਰਤੀ ਲੀਟਰ,ਜੋ ਕਿ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਕੇ ਛੇ ਮਹੀਨਿਆਂ ਲਈ ਕੀਤੀ ਜਾਵੇਗੀ, ਕਟੌਤੀ ਕਰਨ ਦੇ ਫੈਸਲੇ ਨੂੰ ਉਲਟਾ ਕੇ ਐਨਡੀਪੀ ਪਹਿਲੇ ਸਾਲ ਵਿੱਚ 600 ਮਿਲੀਅਨ ਡਾਲਰ ਦੀ ਬਚਤ ਕਰਨ ਦਾ ਇਰਾਦਾ ਰੱਖਦੀ ਹੈ। ਐਨਡੀਪੀ ਦੀ ਵਿੱਤ ਕ੍ਰਿਟਿਕ ਕੈਥਰੀਨ ਫਾਈਫ ਨੇ ਐਤਵਾਰ ਨੂੰ ਪੂਰੀ ਕੌਸਟਿੰਗ ਪੇਸ਼ ਕੀਤੀ ਤੇ ਸਵੀਕਾਰਿਆ ਕਿ ਰਹਿਣ ਸਹਿਣ ਦੀ ਲਾਗਤ ਕਾਫੀ ਜ਼ਿਆਦਾ ਹੈ। ਉਨ੍ਹਾਂ ਆਖਿਆ ਕਿ ਗੈਸ ਦੀਆਂ ਕੀਮਤਾਂ ਇਸ ਸਮੇਂ 2 ਡਾਲਰ ਪ੍ਰਤੀ ਲੀਟਰ ਪਹੁੰਚ ਗਈਆਂ ਹਨ ਤੇ ਟੋਰੀਜ਼ ਵੱਲੋਂ ਆਰਜ਼ੀ ਤੌਰ ਉੱਤੇ ਕੀਤੀ ਗਈ ਕਟੌਤੀ ਅੱਖਾਂ ਪੂੰਝਣ ਵਾਲੀ ਗੱਲ ਹੈ।

ਪਾਰਟੀ ਵੱਲੋਂ ਗੈਸ ਦੀਆਂ ਕੀਮਤਾਂ ਨੂੰ ਨਿਯੰਤਰਿਤ ਕਰਨ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਆਖਿਆ ਕਿ ਅਸੀਂ ਲੰਮੇਂ ਸਮੇਂ ਲਈ ਗੈਸ ਦੀਆਂ ਕੀਮਤਾਂ ਘੱਟ ਕਰਨ ਲਈ ਰਣਨੀਤੀ ਤੈਅ ਕਰਨ ਤੇ ਸਥਿਰਤਾ ਲਿਆਉਣ ਲਈ ਨਵਾਂ ਹੀਲਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ। ਐਨਡੀਪੀ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਕੰਜ਼ਰਵੇਟਿਵਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਟੌਤੀਆਂ ਕੰਜ਼ਿਊਮਰਜ਼ ਲਈ ਫਾਇਦੇਮੰਦ ਨਹੀਂ ਹੋਣਗੀਆਂ ਪਰ ਇਨ੍ਹਾਂ ਨਾਲ ਸਗੋਂ ਤੇਲ ਤੇ ਗੈਸ ਕੰਪਨੀਆਂ ਦੀ ਮਦਦ ਹੋ ਸਕਦੀ ਹੈ।

ਇਸ ਦੌਰਾਨ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਇਸ ਵਾਅਦੇ ਦਾ ਮਤਲਬ ਇਹ ਹੈ ਕਿ ਐਨਡੀਪੀ ਮੱਧ ਵਰਗ ਨੂੰ ਅਧਵਾਟੇ ਹੀ ਛੱਡ ਰਹੀ ਹੈ। ਕੰਜ਼ਰਵੇਟਿਵਾਂ ਵੱਲੋਂ ਇਸ ਕਟੌਤੀ ਦੇ ਕੀਤੇ ਵਾਅਦੇ ਨੂੰ ਲਿਬਰਲਾਂ ਵੱਲੋਂ ਰੱਦ ਨਹੀਂ ਕੀਤਾ ਜਾ ਰਿਹਾ। ਲਿਬਰਲਾਂ ਦਾ ਕਹਿਣਾ ਹੈ ਕਿ ਦੂਜੇ ਸਾਲ ਉਹ ਪੀਸੀ ਪਾਰਟੀ ਨਾਲੋਂ ਵੱਧ ਘਾਟੇ ਵਿੱਚ ਹੋ ਸਕਦੇ ਹਨ ਪਰ ਟੋਰੀਜ਼ ਵੱਲੋਂ 2027-28 ਵਿੱਚ ਬਜਟ ਸੰਤੁਲਿਤ ਕਰਨ ਦੇ ਕੀਤੇ ਵਾਅਦੇ ਨਾਲੋਂ ਇੱਕ ਸਾਲ ਪਹਿਲਾਂ ਬਜਟ ਸੰਤੁਲਿਤ ਕਰ ਲੈਣਗੇ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SAMSUNG
BUY 2 OR MORE APPLIANCES
OURR HOME & APPLIANCES
EXCLUSIVE
NO TAX
EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213





QUEENSWOOD COLLEGE
BUSINESS · HEALTH · TECHNOLOGY

# Queenswood College B H & T Convocation 2019-2020, 2020-2021

**ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਤਨ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।**

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿਚ ਇੱਕ ਜਾਣੀ ਪਹਿਚਾਣੀ ਸਖ਼ਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਉਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫ਼ਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫ਼ਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ –

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1


EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਮੰਨਣਾ ਆਪ ਤਾਂ ਸਮਝੀਏ ਫਰਜ਼ ਕੋਈ ਨਾ,
ਦੂਜਿਆਂ ਵੱਲ ਨੂੰ ਉਂਗਲ ਉਠਾਈ ਜਾਈਏ।
ਸਾਫਸਫਾਈ ਦਾ ਕਿੱਸਾ ਵੀ ਗਾਈ ਜਾਈਏ,
ਗੰਦ ਵੀ ਹੋਰਨਾਂ ਵਾਂਗਰ ਹੀ ਪਾਈ ਜਾਈਏ।
ਭ੍ਰਿਸ਼ਟਾਚਾਰ ਦੀ ਨਿੰਦਾ ਖੁਦ ਕਰੀ ਜਾਈਏ,
ਮਿਲਿਆ ਮੌਕਾ ਤਾਂ ਕਰੀ ਕਮਾਈ ਜਾਈਏ।
ਆਖਰੀ ਵੇਲੇ ਉਹ ਬਖਸ਼ ਲਏ ਪਾਪ ਸਾਡੇ,
ਹਿੱਸਾ ਈਸ਼ਵਰ ਦਾ ਕੱਢ ਚੜ੍ਹਾਈ ਜਾਈਏ।
ਹੋ ਗਈਕੁਰੱਪਟ ਜ਼ਮੀਰ ਹੈਤੰਗ ਕਰਦੀ,
ਰੱਬ ਦੇ ਨਾਲ ਵੀ ਸਾਂਝ ਕੁਝ ਪਾ ਆਈਏ।
ਉਹਨੂੰ ਵਕਤ ਸਿਰ ਪਹੁੰਚਦਾ ਕਰ ਹਿੱਸਾ,
ਚੇਟਕ ਉੱਪਰਲੇ ਮਾਲ ਲਈ ਲਾ ਆਈਏ।

**ਤੀਸ ਮਾਰ ਖਾਂ**

# ਪਾਕਿਸਤਾਨ ਵਿੱਚ ਦੋ ਸਿੱਖ ਵਿਅਕਤੀਆਂ ਗੋਲੀਆਂ ਮਾਰ ਕੇ ਹੱਤਿਆ

*** ਭਾਰਤ ਨੇ ਪਾਕਿ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਕਾਰਵਾਈ ਲਈ ਕਿਹਾ**

ਲਾਹੌਰ, 15 ਮਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਗੜਬੜ ਵਾਲੇ ਖੈਬਰ ਪਖਤੂਨਖਵਾ ਖੇਤਰ ਦੇ ਇੱਕ ਸਬ ਅਰਬਨਖੇਤਰ ਸਰਬੰਦ ਵਿੱਚ ਐਤਵਾਰ ਨੂੰ ਬੰਦੂਕਧਾਰੀਆਂ ਨੇ ਦੋ ਸਿੱਖਾਂਨੂੰ ਗੋਲੀ ਮਾਰ ਕੇ ਮਾਰਦਿੱਤਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਾਰੇ ਗਏ ਵਿਅਕਤੀ ਸਰਬੰਦ ਦੇ ਬਾਟਾ ਤਾਲ ਬਾਜ਼ਾਰ ਵਿੱਚ ਮਸਾਲੇ ਵੇਚਣ ਵਾਲੇ ਦੁਕਾਨਦਾਰ ਸਨ। ਉਨ੍ਹਾ ਦੀ ਪਛਾਣ ਸੁਲਜੀਤ ਸਿੰਘ (42) ਤੇ ਰਣਜੀਤ ਸਿੰਘ (38) ਵਜੋਂ ਹੋਈ ਹੈ।ਪੁਲਸ ਨੇ ਦੋਸ਼ੀਆਂ ਨੂੰ ਫੜਨ ਲਈ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ।ਕਿਸੇ ਗਰੁੱਪ ਨੇ ਹਾਲੇ ਕਤਲਾਂ ਦੀ ਜ਼ਿੰਮੇਵਾਰੀ ਨਹੀਂ ਲਈ।

ਵਰਨਣ ਯੋਗ ਹੈ ਕਿ ਪੇਸ਼ਾਵਰ ਵਿੱਚ ਲਗਭਗ 15,000 ਸਿੱਖ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਸਿੱਖ ਇਸ ਰਾਜ ਦੀ ਰਾਜਧਾਨੀ ਦੇ ਜੋਗਨ ਸ਼ਾਹ ਇਲਾਕੇ ਵਿੱਚਰਹਿੰਦੇ ਤੇ ਵੱਖ-ਵੱਖ ਕਾਰੋਬਾਰ ਕਰਦੇ ਹਨ। ਕੁਝ ਸਿੱਖ ਫਾਰਮੇਸੀ ਚਲਾਉਂਦੇ ਹਨ।ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਮਹਿਮੂਦ ਖਾਨ ਨੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਪੁਲਸ ਨੂੰ ਦੋਸ਼ੀਆਂ ਨੂੰ ਗ੍ਰਿਫ਼ਤਾਰੀ ਲਈ ਤੁਰੰਤ ਕਦਮ ਚੁੱਕਣ ਦੇ ਹੁਕਮਦੇਂਦਿਆਂ ਇਸ ਘਟਨਾ ਨੂੰ ਭਾਈਚਾਰਕ ਸਾਂਝ ਭੰਗ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਅਤੇ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ।

ਪਿਛਲੇ ਸਾਲ ਸਤੰਬਰ ਵਿੱਚਇੱਕਪ੍ਰਸਿੱਧਸਿੱਖ ਹਕੀਮ (ਯੂਨਾਨੀ ਦਵਾਈ ਦੇ ਪ੍ਰੈਕਟੀਸ਼ਨਰ) ਨੂੰ ਪੇਸ਼ਾਵਰ ਵਿੱਚ ਉਸਦੇ ਕਲੀਨਿਕ ਵਿੱਚ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀ ਮਾਰੀ ਸੀ। 2018 ਵਿੱਚਸਿੱਖ ਭਾਈਚਾਰੇ ਦੇ ਇੱਕ ਪ੍ਰਮੁੱਖ ਮੈਂਬਰ ਚਰਨਜੀਤ ਸਿੰਘ ਨੂੰ ਪੇਸ਼ਾਵਰ ਵਿੱਚ ਅਣਪਛਾਤੇ ਬੰਦਿਆਂਨੇਮਾਰਦਿੱਤਾ ਸੀ। ਇਸੇ ਤਰ੍ਹਾਂ ਰਵਿੰਦਰ ਸਿੰਘ ਨਾਂ ਦੇ ਨਿਊਜ਼ ਚੈਨਲ ਦੇ ਐਂਕਰ ਨੂੰ 2020 ਵਿੱਚ ਸ਼ਹਿਰ ਵਿੱਚ ਕਤਲ ਕੀਤਾ ਗਿਆ ਸੀ।



ਪਾਕਿਸਤਾਨ ਦੇ ਪੇਸ਼ਾਵਰ ਵਿ-ਚਅੱਜ ਹੋਏ ਇਨ੍ਹਾਂ ਦੋ ਸਿੱਖਾਂ ਦੇ ਕਤਲਾਂ ਬਾਰੇ ਭਾਰਤ ਸਰਕਾਰ ਨੇ ਸਖ਼ਤ ਵਿਰੋਧ ਦਰਜ ਕਰਵਾਇਆ ਅਤੇ ਵਿਦੇਸ਼ ਮੰਤਰ-ਾਲੇ ਨੇ ਕਿਹਾ ਹੈ ਕਿ ਸਭ ਤੋਂ ਦੁਖਦਾਈ ਗੱਲ ਹੈ ਕਿ ਗੁਆਂਢੀ ਦੇਸ਼ ਵਿੱਚਏਦਾਂ ਦੀ ਇਹ ਪਹਿਲੀ ਘਟਨਾ ਨਹੀਂ। ਭਾਰਤ ਨੇ ਪਾਕਿਸਤਾਨ ਤੋਂ ਇਸ ਘਟਨਾ ਦੀ ਤੁਰੰਤ ਜਾਂਚ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਸਿੱਖ ਭਾਈਚਾਰੇ ਅਤੇ ਭਾਰਤੀ ਸਮਾਜ ਦੇ ਵੱਖ-ਵੱਖ ਵਰਗਾਂ ਨੇ ਇਸ ਉੱਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿ-ਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਲਗਾਤਾਰ ਨਿਸ਼ਾਨਾ ਬਣਾਏ ਜਾਣ ਲਈ ਪਾਕਿਸਤਾਨ ਸਰਕਾਰ ਕੋਲ ਅਸੀਂ ਆਪਣਾ ਵਿਰੋਧ ਦਰਜ ਕਰਵ-ਾਇਆ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੇਸ਼ਾਵਰ ਵਿੱਚ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਤੇ ਕੁਲਜੀਤ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਕਿਹਾ ਕਿ ਪਾਕਿਸਤਾਨ ਵਿੱਚ ਬੀਤੇ ਸਮੇਂ ਵਿੱਚਸਿੱਖਾਂ ਉੱਤੇ ਕਈ ਹਮਲੇ ਹੋ ਚੁੱਕੇ ਹਨ। ਪਿਛਲੇ ਸਾਲ ਹਕੀਮ ਸਤਨਾਮ ਸਿੰਘ ਦਾ ਕਤਲ ਕੀਤਾ ਗਿਆ ਅਤੇ ਕੁਝ ਦਿਨ ਪਹਿਲਾਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੇ ਪੁੱਤਰਾਂ ਉੱਤੇ ਭੂ-ਮਾਫੀਆ ਨੇ ਹਮਲਾ ਕੀਤਾ ਸੀ।ਧਾਮੀ ਨੇ ਕਿਹਾ ਕਿ ਪਾਕਿਸਤਾਨ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੂਰੀ ਦੁਨੀਆਂ ਵਿੱਚ ਸਾਂਝੀਵਾਲਤਾ ਦਾ ਸੁਨੇਹਾ ਫੈਲਿਆ ਸੀ, ਪਰ ਦੁੱਖ ਦੀ ਗਲ ਹੈ ਕਿ ਅੱਜ ਗੁਰੂ ਸਾਹਿਬ ਦੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਪਾਕਿਸਤਾਨ ਨਾਲ ਗੂੜ੍ਹਾ ਰਿਸ਼ਤਾ ਹੈ, ਕਿਉਂਕਿ ਓਥੇ ਸਿੱਖਾਂ ਦੇ ਬਹੁਤ ਸਾਰੇ ਗੁਰਦੁਆਰੇ ਹਨ ਅਤੇ ਸਿੱਖ ਉਥੋਂ ਦੇ ਵਿਕਾਸ ਵਿਚ ਯੋਗਦਾਨ ਪਾਉਂਦੇ ਹਨ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਕਿਹਾ ਕਿ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਡਿਪਲੋਮੈਟਿਕ ਪੱਧਰ ਉੱਤੇ ਪਾਕਿਸਤਾਨ ਸਰਕਾਰ ਨਾਲ ਗੱਲ ਕਰਕੇ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਢੁੱਕਵੇਂ ਕਦਮ ਚੁੱਕੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਕਿਸਤਾਨਵਿੱਚ ਦੋ ਸਿੱਖਾਂ ਦੇ ਕਤਲਾਂ ਦੀ ਕਰੜੀ ਨਿੰਦਾ ਕੀਤੀ ਹੈ।ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰ-ਦਰ ਸਿੰਘ ਰਾਜਾ ਵੜਿੰਗ ਨੇ ਇੱਕ ਬਿਆਨ ਵਿੱਚ ਕਿਹਾ ਕਿ ਦੋ ਨਿਰਦੋਸ਼ ਤੇ ਗਰੀਬ ਸਿੱਖਾਂ ਨੂੰ ਸਿਰਫ਼ ਉਨ੍ਹਾਂ ਦੀ ਆਸਥਾ ਕਾਰਨ ਮਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਹ ਮੁੱਦਾ ਪਾਕਿਸਤਾਨ ਸਰਕਾਰ ਕੋਲ ਚੁੱਕਣਾ ਚਾਹੀਦਾ ਹੈ, ਕਿਉਂਕਿ ਪਾਕਿਸਤਾਨ ਵਿੱਚ ਸਿੱਖ ਤੇ ਹਿੰਦੂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਸੁਰੱਖਿਆ ਏਜੰਸੀਆਂ ਮੂਕ ਦਰਸ਼ਕ ਬਣੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਲਗਾਤਾਰ ਕਤਲਾਂ ਤੋਂ ਇਲਾਵਾ ਸਿੱਖਾਂ ਅਤੇ ਹਿੰਦੂਆਂ ਦੀਆਂ ਲੜਕੀਆਂ ਨੂੰ ਅਗਵਾ ਕਰਕੇ ਵੀ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ।

# ਸੋਨੀਆ ਗਾਂਧੀ ਵੱਲੋਂ ਐਲਾਨ, ਪਾਰਟੀ ਵਿੱਚ ਸੁਧਾਰਾਂ ਲਈ ਟਾਸਕ ਫੋਰਸ ਬਣਾਈ ਜਾਵੇਗੀ

*** ਕਾਂਗਰਸ ਪਾਰਟੀ 'ਭਾਰਤ ਜੋੜੋ ਯਾਤਰਾ' ਸ਼ੁਰੂ ਕਰੇਗੀ**

ਉਦੈਪੁਰ, 15 ਮਈ, (ਪੋਸਟ ਬਿਊਰੋ)- ਰਾਜਸਥਾਨ ਦੇ ਉਦੈਪੁਰ ਵਿੱਚ ਕਾਂਗਰਸ ਵੱਲੋਂਕੀਤੇ ਜਾ ਰਹੇ 'ਚਿੰਤਨ ਸ਼ਿਵਿਰ' (ਵਿਚਾਰ ਕੈਂਪ) ਵਿੱਚ ਅੱਜ ਐਤਵਾਰ ਨੂੰ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਐਲਾਨ ਕੀਤਾ ਕਿਪਾਰਟੀ ਦੇ ਅੰਦਰ ਸੁਧਾਰਾਂ ਦੀ ਸ਼ੁਰੂਆਤ ਲਈ ਟਾਸਕ ਫੋਰਸ ਬਣਾਈ ਜਾਵੇਗੀ ਤੇ ਜਨਤਾ ਨਾਲ ਜੁੜਨ ਲਈ 'ਭਾਰਤ ਜੋੜੋ ਯਾਤਰਾ' ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਗਾਂਧੀ ਜਯੰਤੀ ਦੇ ਦਿਨ 2 ਅਕਤੂਬਰ ਨੂੰ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਭਾਰਤ ਜੋੜਨ ਦੀ ਯਾਤਰਾ ਸ਼ੁਰੂ ਕਰਾਂਗੇ, ਜਿਸਵਿੱਚਸਾਰੇ ਆਗੂਸ਼ਾਮਲ ਹੋਣਗੇ।

ਵਰਨਣ ਯੋਗ ਹੈ ਕਿ ਰਾਜਸਥਾਨ ਦੇ ਉਦੈਪੁਰ ਵਿੱਚ ਪਾਰਟੀ ਦੇ ਤਿੰਨ ਰੋਜ਼ਾ ਚਿੰਤਨ ਸ਼ਿਵਿਰ ਦਾ ਅੱਜ ਐਤਵਾਰ ਨੂੰ ਆਖਰੀ ਦਿਨ ਸੀ, ਜਦੋਂ ਇਸ ਦੀ ਸਮਾਪਤੀ ਮੌਕੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਪਾਰਟੀ ਦੇ ਅੰਦਰੂਨੀ ਸੁਧਾਰਾਂ ਲਈ ਇੱਕ ਹਫ਼ਤੇ ਅੰਦਰ ਟਾਸਕ ਫੋਰਸ ਬਣਾਈ ਜਾਵੇਗੀ ਤੇ ਪਾਰਟੀ ਪ੍ਰਧਾਨ ਨੂੰ ਰੋਜ਼ਾਨਾ ਦੇ ਕੰਮਾਂਵਿੱਚਮਦਦ ਦੇਣ ਲਈ ਵੀਇੱਕ ਸਲਾਹਕਾਰ ਸੰਸਥਾ ਬਣਾਈ ਜਾਵੇਗੀ।ਸੋਨੀਆ ਗਾਂਧੀ ਨੇ ਕਿਹਾ ਕਿ ਇਸ ਸਾਲ ਗਾਂਧੀ ਜਯੰਤੀ ਮੌਕੇ"ਅਸੀਂ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 'ਰਾਸ਼ਟਰੀ ਭਾਰਤ ਜੋੜੋ ਯਾਤਰਾ'ਸ਼ੁਰੂ ਕਰਾਂਗੇ ਅਤੇ ਅਸੀਂ ਸਾਰੇ ਇਸ ਵਿੱਚ ਸ਼ਾਮਲ ਹੋਵਾਂਗੇ। ਯਾਤਰਾ ਦਾ ਮਕਸਦ ਸਮਾਜਿਕ ਸਦਭਾਵਨਾ ਦੇ ਬੰਧਨ ਮਜ਼ਬੂਤ ਕਰਨਾ, ਸੰਵਿਧਾਨ ਦੇ ਬੁਨਿਆਦੀ ਤੱਤਾਂ ਨੂੰ ਸੁਰੱਖਿਅਤ ਕਰਨਾ ਅਤੇ ਕਰੋੜਾਂ ਲੋਕਾਂ ਦੀਆਂ ਰੋਜ਼ਾਨਾ ਦੀਆਂ ਚਿੰਤਾਵਾਂ ਨੂੰ ਜ਼ਾਹਰ ਕਰਨਾ ਹੈ।"

ਵਰਨਣ ਯੋਗ ਹੈ ਕਿ ਕਾਂਗਰਸ ਪਾਰਟੀ ਅੰਦਰ ਅੰਦਰੂਨੀ ਸੁਧਾਰਾਂ ਦੀ ਪ੍ਰਕਿਰਿਆ ਪੂਰੀ ਕਰਨ ਲਈ ਸੰਖੇਪ ਟਾਸਕ ਫੋਰਸ ਬਣਾਉਣ ਲਈ ਵੱਖਰੀ ਚਰਚਾ ਕੀਤੀ ਗਈ ਹੈ।ਸਾਲ 2024 ਦੀਆਂ ਲੋਕ ਸਭਾ ਚੋਣਾਂ ਉੱਤੇ ਕੇਂਦਰਤ ਇਹ ਸੁਧਾਰ ਪਾਰਟੀ ਸੰਗਠਨ ਦੇ ਸਾਰੇ ਪੱਖਾਂ ਨੂੰ ਕਵਰ ਕਰਨਗੇ, ਜਿਨ੍ਹਾਂ ਵਿੱਚ ਪਾਰਟੀ ਢਾਂਚਾ, ਪਾਰਟੀ ਅਹੁਦਿਆਂ ਉੱਤੇ ਨਿਯੁਕਤੀ ਦੇ ਨਿਯਮ, ਸੰਚਾਰ ਅਤੇ ਪ੍ਰਚਾਰ, ਫੰਡਿੰਗ ਤੇ ਚੋਣ ਪ੍ਰਬੰਧ ਸ਼ਾਮਲ ਹਨ। ਸੋਨੀਆ ਗਾਂਧੀ ਨੇ ਕਿਹਾ ਕਿ ਇਸ ਟਾਸਕ ਫੋਰਸ ਦੀ ਬਣਤਰ ਅਗਲੇ ਦੋ-ਤਿੰਨ ਦਿਨਾਂ ਵਿੱਚ ਸਾਫ ਹੋ ਜਾਵੇਗੀ।ਉਨ੍ਹਾ ਕਿਹਾ ਕਿ ਕਾਂਗਰਸ ਵਰਕਿੰਗ ਕਮੇਟੀ, ਇਸ ਪਾਰਟੀ ਦੀ ਫੈਸਲਾ ਲੈਣ ਵਾਲੀਸਰਬ ਉੱਚ ਸੰਸਥਾ ਹੈ ਤੇ ਪਾਰਟੀ ਨੂੰ ਦਰਪੇਸ਼ ਸਿਆਸੀ ਮੁੱਦਿਆਂ ਤੇ ਚੁਣੌਤੀਆਂ ਉੱਤੇ ਚਰਚਾ ਕਰਨ ਲਈ ਉਨ੍ਹਾਂ ਦੀ ਪ੍ਰਧਾਨਗੀ ਹੇਠ ਇਹ ਸੰਸਥਾਰੈਗੂਲਰ ਬੈਠਕਾਂ ਕਰੇਗੀ।ਨਵਾਂ ਗਰੁੱਪ ਫੈਸਲੇਕਰਨ ਵਾਲੀ ਸੰਸਥਾ ਨਹੀਂ, ਸਗੋਂ ਇਹ ਸੀਨੀਅਰ ਸਹਿਯੋਗੀਆਂ ਦੇ ਤਜਰਬੇ ਦਾ ਲਾਭ ਉਠਾਉਣ ਵਿੱਚ ਮਦਦ ਕਰੇਗਾ।

# ਭਾਰਤੀ ਕਿਸਾਨ ਯੂਨੀਅਨ ਦੋ ਫਾੜ, ਰਾਕੇਸ਼ ਟਿਕੈਤ ਨੂੰ ਕੱਢਿਆ, ਨਰੇਸ਼ ਟਿਕੈਤ ਦੀ ਕੌਮੀ ਪ੍ਰਧਾਨਗੀ ਖੋਹੀ

*** ਰਾਕੇਸ਼ ਟਿਕੈਤ ਨੇ ਕਿਹਾ: ਸਰਕਾਰ ਆਪਣੇ ਇਰਾਦੇ ਵਿੱਚ ਸਫਲ ਹੋਣ ਲੱਗੀ**

ਲਖਨਊ, 15 ਮਈ, (ਪੋਸਟ ਬਿਊਰੋ)- ਅੱਜ ਐਤਵਾਰ ਨੂੰ ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਵਿੱਚ ਪਾਟਕ ਪੈਣ ਦੇ ਨਾਲ ਖੇਤੀ ਕਾਨੂੰਨਾਂ ਖਿਲਾਫ਼ ਕਿਸਾਨ ਅੰਦੋਲਨ ਦਾ ਮੁੱਖ ਚਿਹਰਾ ਰਹੇ ਰਾਕੇਸ਼ ਟਿਕੈਤ ਨੂੰ ਜਥੇਬੰਦੀ ਵਿੱਚੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਟਿਕੈਤ ਦੇ ਨਾਲ ਉਨ੍ਹਾਂ ਦੇ ਭਰਾ ਨਰੇਸ਼ ਟਿਕੈਤ ਨੂੰ ਕੌਮੀ ਪ੍ਰਧਾਨ ਵਾਲੇ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਰਾਜੇਸ਼ ਚੌਹਾਨ ਨੂੰ ਭਾਰਤੀ ਕਿਸਾਨ ਯੂਨੀਅਨ ਦਾ ਪ੍ਰਧਾਨ ਬਣਾ ਦਿੱਤਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਰਾਕੇਸ਼ ਟਿਕੈਤ ਉੱਤੇ 'ਰਾਜਨੀਤੀ ਖੇਡਣ' ਅਤੇ ਕਿਸਾਨੀ ਹਿੱਤਾਂ ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ ਲਾਇਆ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਮੋਢੀ ਚੌਧਰੀ ਮਹਿੰਦਰ ਸਿੰਘ ਟਿਕੈਤ ਦੀ ਬਰਸੀ ਮੌਕੇ ਅੱਜ ਐਤਵਾਰ 15 ਮਈ ਨੂੰ ਲਖਨਊ ਵਿੱਚਬੀ ਕੇ ਯੂਆਗੂਆਂ ਦੀ ਗੰਨਾ ਕਿਸਾਨ ਸੰਸਥਾ ਵਿੱਚ ਬੈਠਕ ਸੀ, ਜਿੱਥੇਬੀ ਕੇ ਯੂਆਗੂਆਂ ਦੇ ਨਾਰਾਜ਼ ਹੋਣ ਦੀ ਖ਼ਬਰ ਮਿਲਣ ਉੱਤੇ ਰਾਕੇਸ਼ ਟਿਕੈਤ ਉਨ੍ਹਾਂ ਨੂੰ ਮਨਾਉਣ ਪੁੱਜੇ ਸਨ, ਪਰ ਸਫ਼ਲ ਨਹੀਂ ਹੋ ਸਕੇ।ਨਵੇਂ ਪ੍ਰਧਾਨ ਰਾਜੇਸ਼ ਚੌਹਾਨ ਨੇ ਦੱਸਿਆ ਕਿ ਨਰੇਸ਼ ਟਿਕੈਤ ਤੇ ਰਾਕੇਸ਼ ਟਿਕੈਤ ਕੁਝ ਚਾਪਲੂਸਾਂ ਵਿਚਾਲੇ ਫਸ ਗਏਅਤੇ ਉਹ ਕਿਸਾਨਾਂ ਦੇ ਮੁੱਦੇ ਤੋਂ ਭਟਕ ਗਏ ਸਨ। ਉਨ੍ਹਾਂ ਕਿਹਾ ਕਿ ਸੰਗਠਨ ਨਵੇਂ ਸਿਰੇ ਤੋਂ ਤਿਆਰ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀਅਤੇ ਉਨ੍ਹਾ ਦੀ ਅਪੀਲ ਉੱਤੇਯੂ ਪੀ-ਦਿੱਲੀ ਬਾਰਡਰ ਉੱਤੇ ਇੱਕ ਸਾਲ ਤੋਂ ਵਧੇਰੇ ਅੰਦੋਲਨ ਚੱਲਿਆ। ਖੇਤੀ ਕਾਨੂੰਨਾਂ ਦੇ ਵਾਪਸ ਹੋਣ ਨਾਲ ਇਹ ਅੰਦੋਲਨ ਖਤਮ ਹੋਇਆ ਅਤੇ ਰਾਕੇਸ਼ ਟਿਕੈਤ ਓਦੋਂ ਦੇਸ਼ ਵਿੱਚ ਛਾ ਗਏ ਸਨ, ਜਦੋਂ ਉਹ ਗਾਜ਼ੀਪੁਰ ਬਾਰਡਰ ਉੱਤੇ ਰੋ ਪਏ ਸਨ ਤੇ ਉਨ੍ਹਾਂ ਦੇ ਰੋਣ ਦਾ ਅਸਰ ਸੀ ਕਿ ਅੰਦੋਲਨ ਹੋਰ ਉਚਾਈ ਤੱਕ ਪਹੁੰਚ ਗਿਆ ਸੀ।

ਅੱਜ ਭਾਰਤੀ ਕਿਸਾਨ ਯੂਨੀਅਨ ਦੇ ਪਾਟਕ ਮਗਰੋਂ ਰਾਕੇਸ਼ ਟਿਕੈਤ ਨੇ ਮੁਜ਼ੱਫਰਨਗਰ ਵਿੱਚ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਸਰਕਾਰ ਆਪਣੇ ਇਰਾਦੇ ਵਿੱਚ ਸਫਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਵੱਖਰਾ ਸੰਗਠਨ ਬਣਾਉਣ ਵਾਲੇ ਲੋਕਾਂ ਨੂੰ ਯੂਨੀਅਨ ਨੇ ਕੱਢ ਦਿੱਤਾ ਹੈ। ਰਾਕੇਸ਼ ਟਿਕੈਤ ਨੇ ਟਵੀਟ ਕੀਤਾ ਕਿ "ਕਿਸਾਨ ਹਿੱਤਾਂ ਉੱਤੇ ਹਮਲਾ ਕਰ ਕੇ ਕੁਝ ਲੋਕਾਂ ਨੇ ਭਾਰਤੀ ਕਿਸਾਨ ਯੂਨੀਅਨ ਤੋਂ ਵੱਖਰੀ ਜਥੇਬੰਦੀ ਬਣਾਉਣ ਦਾ ਐਲਾਨ ਕੀਤਾ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011




ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਬਫਲੋ ਸ਼ੂਟਰ ਨੇ ਬਲੈਕ ਲੋਕਾਂ ਨੂੰ ਸੋਚ ਸਮਝ ਕੇ ਨਿਸ਼ਾਨਾ ਬਣਾਇਆ

ਪੰਨਾ 1 ਦਾ ਬਾਕੀ

ਪਾਇਆ ਜਾ ਰਿਹਾ ਹੈ। ਐਤਵਾਰ ਦੁਪਹਿਰ ਨੂੰ ਲੋਕਾਂ ਨੇ ਇੱਕਠੇ ਹੋ ਕੇ ਮਾਰੇ ਗਏ ਲੋਕਾਂ ਨੂੰ ਯਾਦ ਕੀਤਾ ਤੇ ਬਲੈਕ ਲਾਈਵਜ਼ ਮੈਟਰ ਦਾ ਹੋਕਾ ਦਿੱਤਾ। ਮਰਨ ਵਾਲਿਆਂ ਵਿੱਚ 86 ਸਾਲਾਂ ਦੀ ਬਜ਼ੁਰਗ ਮਹਿਲਾ ਵੀ ਸ਼ਾਮਲ ਸੀ ਜਿਹੜੀ ਕੁੱਝ ਸਮਾਂ ਪਹਿਲਾਂ ਹੀ ਆਪਣੇ ਪਤੀ ਨੂੰ ਨਰਸਿੰਗ ਹੋਮ ਵਿੱਚ ਮਿਲ ਕੇ ਆਈ ਸੀ ਤੇ ਇਸ ਘਟਨਾ ਵਿੱਚ ਸੁਪਰਮਾਰਕਿਟ ਦਾ ਸਕਿਊਰਿਟੀ ਗਾਰਡ ਵੀ ਮਾਰਿਆ ਗਿਆ, ਦੋਵੇਂ ਬਲੈਕ ਕਮਿਊਨਿਟੀ ਨਾਲ ਸਬੰਧਤ ਸਨ।ਡੈਨਿਸ ਵਾਲਡਨ ਗਲੈਨ ਨਾਂ ਦੇ ਵਿਅਕਤੀ ਨੇ ਆਖਿਆ ਕਿ ਕਿਸੇ ਨੇ ਉਸ ਲੜਕੇ ਦੇ ਮਨ ਵਿੱਚ ਐਨੀ ਨਫਰਤ ਭਰ ਦਿੱਤੀ ਸੀ ਕਿ ਉਹ ਸਾਡੀ ਕਮਿਊਨਿਟੀ ਦਾ ਖੁਰਾ ਖੋਜ ਮਿਟਾਉਣ ਉੱਤੇ ਤੁਲ ਗਿਆ।

ਇਸ ਦੌਰਾਨ ਵਾਸ਼ਿੰਗਟਨ ਵਿੱਚ ਨੈਸ਼ਨਲ ਪੀਸ ਆਫੀਸਰਜ਼ ਮੈਮਰੀਅਲ ਸਰਵਿਸ ਮੌਕੇ ਗੱਲ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਅਮਰੀਕਾ ਦੀ ਆਤਮਾ ਉੱਤੇ ਲੱਗੇ ਨਫਰਤ ਦੇ ਦਾਗ ਨੂੰ ਹਟਾਉਣਾ ਹੋਵੇਗਾ। ਇਸ ਤੋਂ ਬਾਅਦ ਵ੍ਹਾਈਟ ਹਾਊਸ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਰਾਸ਼ਟਰਪਤੀ ਬਾਇਡਨ ਤੇ ਉਨ੍ਹਾਂ ਦੀ ਪਤਨੀ ਮੰਗਲਵਾਰ ਨੂੰ ਕਮਿਊਨਿਟੀ ਨਾਲ ਅਫਸੋਸ ਕਰਨ ਲਈ ਬਫਲੋ ਜਾਣਗੇ। ਪਿਛਲੇ ਦਿਨਾਂ ਵਿੱਚ ਦੇਸ਼ ਵਿੱਚ ਹੋਈਆਂ ਹਿੰਸਕ ਘਟਨਾਵਾਂ ਵਿੱਚੋਂ ਬਫਲੋ ਵਾਲੀ ਘਟਨਾ ਕਾਫੀ ਘਾਤਕ ਸੀ।

# ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ਿਆਂ ਦੇ ਮੁੱਦੇ ਤੋਂ ਮੰਤਰੀ ਧਾਲੀਵਾਲ ਤੇ ਸੁਖਪਾਲ ਖਹਿਰਾ ਭਿੜੇ

* ਖਹਿਰਾ ਕਹਿੰਦਾ: ਗਰੀਬਾਂ ਦੀ ਥਾਂ ਅਮੀਰਾਂ ਤੇ ਅਫਸਰਾਂ ਤੋਂ ਕਬਜ਼ੇ ਛੁਡਾਉ * ਮੰਤਰੀ ਧਾਲੀਵਾਲ ਨੇ ਕਿਹਾ: ਲਿਸਟ ਲਿਆਉ, ਕਾਰਵਾਈ ਕਰਾਂਗੇ

ਚੰਡੀਗੜ੍ਹ, 15 ਮਈ, (ਪੋਸਟ ਬਿਊਰੋ)- ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਦੇ ਮੁੱਦੇ ਤੋਂ ਅੱਜ ਪੰਜਾਬ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਪੰਜਾਬ ਦੇ ਪੰਚਾਇਤਾਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਿਚਾਲੇ ਸ਼ਬਦੀ ਜੰਗ ਛਿੜ ਗਈ ਹੈ।

ਇਸ ਦੀ ਸ਼ੁਰੂਆਤ ਕਰਦੇ ਹੋਏ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਵਿਚਲੀ ਆਮ ਆਦਮੀਪਾਰਟੀ ਦੀ ਸਰਕਾਰ ਛੋਟੇ ਤੇ ਬੇਜ਼ਮੀਨੇ ਕਿਸਾਨਾਂ ਕੋਲੋਂ ਕਬਜ਼ੇ ਛੁਡਾ ਰਹੀ ਹੈ। ਉਨ੍ਹਾਂ ਚੈਲਿੰਜ ਕੀਤਾ ਕਿ ਸਰਕਾਰ ਮੋਹਾਲੀ ਵਿੱਚ ਕਾਰਵਾਈ ਕਰੇ ਤੇ ਵੱਡੇ ਅਫਸਰਾਂ ਤੋਂ ਕਬਜ਼ਾ ਛੁਡਾ ਕੇ ਦਿਖਾਏ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਦੀ ਕਾਰਵਾਈ ਤੋਂ ਪੀੜਤਾਂ ਨੂੰ ਮੁਹਾਲੀ ਵਿੱਚ ਇਕੱਠੇ ਹੋਣ ਲਈ ਕਿਹਾ ਹੈ।

ਜਵਾਬ ਵਿੱਚ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਚੁਣੌਤੀ ਦਿੱਤੀ ਕਿ ਖਹਿਰਾ ਮੁਹਾਲੀਦੇ ਕਾਬਜ਼ਾਂ ਦੇ ਨਾਂ ਦੱਸਣ। ਇਹੀ ਨਹੀਂ, ਉਨ੍ਹਾਂ



ਕਿਹਾ ਕਿ ਏਦਾਂ ਦੀ ਲਿਸਟ ਲਿਆਉਣ ਤੋਂ ਪਹਿਲਾਂਖੁਦ ਪੜ੍ਹ ਲੈਣ, ਕਿਉਂਕਿ ਉਨ੍ਹਾਂ ਵਿੱਚੋਂ ਸਭ ਤੋਂ ਵੱਧ ਕਾਂਗਰਸੀ ਹੋਣਗੇ।ਧਾਲੀਵਾਲ ਨੇ ਕਿਹਾ ਕੇ ਸੁਖਪਾਲ ਸਿੰਘ ਖਹਿਰਾ ਉਹਥਾਂ ਦੱਸਣ, ਜਿੱਥੇ ਆਮ ਆਦਮੀ ਪਾਰਟੀ ਦੇ ਕਿਸੇ ਆਗੂ ਨੇ ਜ਼ਮੀਨ ਉੱਤੇ ਜਬਰੀ ਕਬਜ਼ਾ ਕੀਤਾ ਹੈ, ਸਗੋਂ ਮੁਹਾਲੀ ਵਿੱਚ ਵੀ ਕਾਂਗਰਸੀਆਂ ਨੇ ਕਬਜ਼ੇ ਕੀਤੇ ਹਨ ਤੇ ਜਲਦੀ ਹੀ ਉਨ੍ਹਾਂ ਦੇ ਨਾਂ ਸਾਹਮਣੇ ਆਉਣਗੇ।

ਕਿਸੇ ਦਾ ਨਾਂਅ ਲੈਣ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਚੁਣੌਤੀ ਦਾ ਜਵਾਬ ਦਿੰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੰਤਰੀ ਇਸ ਲਈ ਭੜਕੇ ਹਨ ਕਿ ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਹਾਈਕੋਰਟ ਨੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਸੀ, ਜਿਸਮਗਰੋਂ ਡੀਜੀਪੀ ਚੰਦਰਸ਼ੇਖਰ ਦੀ ਅਗਵਾਈ ਵਿੱਚਐਡੀਸ਼ਨਲ ਸਬ-ਕਮੇਟੀ ਬਣਾਈ ਗਈ ਤੇ ਉਸ ਸਬ ਕਮੇਟੀ ਨੇ ਮੁਹਾਲੀ ਵਿੱਚ 50 ਹਜ਼ਾਰ ਏਕੜ ਜ਼ਮੀਨ ਉੱਤੇ ਕਬਜ਼ੇ ਬਾਰੇ ਸਾਫ ਦੱਸਿਆ ਸੀ, ਜਿਸ ਵਿੱਚ ਕੈਪਟਨ ਅਮਰਿੰਦਰ ਸਿੰਘ, ਬਾਦਲ ਪਰਿਵਾਰ, ਪੰਜਾਬ ਪੁਲਸ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਕਈ ਲੋਕਾਂ ਦੇ ਨਾਂ ਸਨ। ਉਨ੍ਹਾਂ ਕਿਹਾ ਕਿ ਛੋਟੇ ਕਿਸਾਨਾਂ ਤੇ ਦਲਿਤ ਪਰਿਵਾਰਾਂ ਮਗਰ ਭੱਜਣਾ ਛੱਡ ਕੇ ਪਹਿਲਾਂ ਅਮੀਰਾਂ ਅਤੇ ਤਾਕਤਵਰਾਂ ਤੋਂ ਜ਼ਮੀਨਾਂ ਛੁਡਾਓ। ਮੰਤਰੀ ਧਾਲੀਵਾਲ ਉੱਤੇ ਭੜਕੇ ਸੁਖਪਾਲ ਸਿੰਘ ਖਹਿਰਾ ਨੇ ਉਨ੍ਹਾ ਨੂੰ ਕਿਹਾ ਅਗਲੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਕਿ ਮਾਈਨਿੰਗ ਕਿੱਥੇ ਹੁੰਦੀ ਹੈ ਤੇ ਉਹ ਪੀੜਤਾਂ ਨੂੰ ਇਨਸਾਫ ਦਿਵਾਉਣਲਈ ਅਗਲੇ ਐਤਵਾਰ ਨੂੰ ਇਕੱਠ ਕਰਨਗੇ।

# ਪਾਣੀ ਵਿੱਚੋਂ ਕੱਢੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਹੋਈ ਮੌਤ




ਬਰੈਂਪਟਨ, 15 ਮਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਬਰੈਂਪਟਨ ਵਿੱਚ ਪਾਣੀ ਵਿੱਚੋਂ ਕੱਢੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਦੁਪਹਿਰੇ 3:30 ਵਜੇ ਉਨ੍ਹਾਂ ਨੂੰ ਕ੍ਰੈਡਿਟਵਿਊ ਰੋਡ ਤੇ ਸਟੀਲਜ਼ ਐਵਨਿਊ ਸੱਦਿਆ ਗਿਆ। ਇੱਕ ਵਿਅਕਤੀ ਪਾਣੀ ਵਿੱਚ ਬੇਸੁੱਧ ਪਾਇਆ ਗਿਆ ਤੇ ਉਸ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਮ੍ਰਿਤਕ ਐਲਾਨ ਦਿੱਤਾ ਗਿਆ।


ਇਸ ਘਟਨਾ ਬਾਰੇ ਪੁਲਿਸ ਵੱਲੋਂ ਹੋਰ ਜਾਣਕਾਰੀ ਨਹੀਂ ਦਿੱਤੀ ਗਈ ਹੈ। ਜਿਨ੍ਹਾਂ ਹਾਲਾਤ ਵਿੱਚ ਇਹ ਸੱਭ ਹੋਇਆ ਉਨ੍ਹਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੋਪ ਨੇ ਭਾਰਤ ਦੇ ਦੇਵਸਹਾਯਮ ਪਿਲੇਈ ਨੂੰ 'ਸੰਤ' ਐਲਾਨ ਕੀਤਾ

* ਪਹਿਲੀ ਵਾਰ ਕਿਸੇ ਭਾਰਤੀ ਨੂੰ 'ਈਸਾਈ ਸੰਤ' ਦਾ ਦਰਜਾ ਮਿਲਿਆ

ਵੈਟੀਕਨ ਸਿਟੀ, 15 ਮਈ, (ਪੋਸਟ ਬਿਊਰੋ)- ਈਸਾਈ ਧਰਮ ਦੇ ਮੁਖੀ ਪੋਪ ਨੇ ਅੱਜ ਭਾਰਤ ਦੇ ਦੇਵਸਹਾਯਮ ਪਿਲੇਈ ਨੂੰ 'ਸੰਤ' ਐਲਾਨ ਕੀਤਾ ਹੈ। ਇਹ ਦਰਜ਼ਾ ਹਾਸਲ ਕਰਨ ਵਾਲੇ ਉਹ ਪਹਿਲੇ ਭਾਰਤੀ ਬਣ ਗਏ ਹਨ।

ਦੇਵਸਹਾਯਮ ਪਿਲੇਈ ਜਨਮ ਤੋਂ ਹਿੰਦੂ ਸਨ। ਉਨ੍ਹਾਂ ਨੇ 18ਵੀਂ ਸਦੀ ਵਿੱਚ ਈਸਾਈ ਧਰਮ ਅਪਣਾ ਲਿਆ। ਸੰਤ ਦੀ ਉਪਾਧੀ ਹਾਸਲਕਰਨ ਵਾਲੇ ਉਹ ਪਹਿਲੇ ਭਾਰਤੀ ਹਨ। ਪੋਪ ਫ੍ਰਾਂਸਿਸ ਨੇ ਅੱਜ ਐਤਵਾਰ ਵੈਟੀਕਨ ਵਿਚਲੇ ਸੇਂਟ ਪੀਟਰਸ ਬੇਸਿਲੀਸਾ ਵਿਖੇ ਸੰਤਾਂ ਦੀ ਸੂਚੀ ਵਿੱਚ ਉਨ੍ਹਾਂ ਦਾ ਨਾਮ ਜੋੜ ਕੇ ਨੌਂ ਹੋਰਨਾਂ ਨਾਲ ਦੇਵਸਾਹਯਮ ਪਿਲੇਈ ਨੂੰ ਸੰਤ ਐਲਾਨ ਕੀਤਾ। ਚਰਚ ਨੇ ਦੱਸਿਆ ਕਿ ਪਿਲੇਈ ਨੇ ਸੰਤ ਬਣਨ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ। ਸਾਲ 2004 ਵਿੱਚ ਤਾਮਿਲਨਾਡੂ ਬਿਸ਼ਪਸ ਕੌਂਸਲ ਤੇ ਭਾਰਤ ਦੇ ਕੈਥੋਲਿਕ ਬਿਸ਼ਪਾਂ ਦੀ ਕਾਨਫਰੰਸ ਦੀ ਬੇਨਤੀ ਉੱਤੇ ਵੈਟੀਕਨਨੇ ਬੀਟੀਫੀਕੇਸ਼ਨ ਦੀ ਪ੍ਰਕਿਰਿਆ ਲਈ ਦੇਵਸਹਾਯਮ ਦੀ ਸਿਫਾਰਸ਼ ਕੀਤੀ ਸੀ। 1745 ਵਿੱਚ ਈਸਾਈ ਬਣੇਦੇਵਸਹਾਯਮ ਪਿਲੇਈਨੇ ਨਵਾਂ ਨਾਂਅ'ਲੇਜ਼ਾਰੂਸ' ਰੱਖਿਆ ਸੀ।'ਲੇਜ਼ਾਰੂਸ' ਦਾ ਅਰਥ 'ਦੇਵਸਹਾਯਮ' ਜਾਂ 'ਦੇਵਤਿਆਂ ਦੀ ਮਦਦ' ਹੁੰਦਾ ਹੈ।



ਪੋਪ ਫ੍ਰਾਂਸਿਸ ਪਿਛਲੇ ਕੁਝ ਮਹੀਨਿਆਂ ਤੋਂ ਆਪਣੇ ਸੱਜੇ ਗੋਡੇ ਵਿੱਚ ਦਰਦ ਦੀ ਸ਼ਿਕਾਇਤ ਕਾਰਨ ਵ੍ਹੀਲ ਚੇਅਰ ਉੱਤੇ ਬੈਠ ਕੇ ਸਮਾਗਮ ਦੀ ਪ੍ਰਧਾਨਗੀ ਕਰਨ ਆਏ। ਦੇਵਸਹਾਯਮ ਨਾਲ ਸੰਤ ਬਣੇ ਨੌਂ ਹੋਰ ਲੋਕਾਂ ਵਿੱਚ ਚਾਰ ਔਰਤਾਂ ਵੀ ਹਨ। ਪੋਪ ਨੇ ਸਮਾਰੋਹ ਵਿੱਚ ਕਿਹਾ ਕਿ ਸਾਡਾ ਕੰਮ ਧਰਮ ਸਿਖਾਉਣਾ ਅਤੇ ਆਪਣੇ ਭੈਣਾਂ-ਭਰਾਵਾਂ ਦੀ ਸੇਵਾ ਕਰਨਾ ਹੈ, ਸਾਡਾ ਕੰਮ ਕਿਸੇ ਇਨਾਮ ਦੀ ਆਸ ਕੀਤੇ ਬਿਨਾਂ ਆਪਣੇ ਆਪ ਨੂੰ ਸਮੱਰਪਿਤ ਕਰਨਾ ਹੈ।

ਦੇਵਸਹਾਯਮ ਪਿਲੇਈਦਾ ਜਨਮ 23 ਅਪ੍ਰੈਲ 1712 ਨੂੰ ਕੰਨਿਆਕੁਮਾਰੀ ਜ਼ਿਲੇ ਦੇ ਨਟਲਮ ਵਿਖੇ ਹਿੰਦੂ ਨਾਇਰ ਪਰਿਵਾਰ ਵਿੱਚ ਹੋਇਆ ਸੀ, ਜੋ ਓਦੋਂਦੇ ਤ੍ਰਾਵਣਕੋਰ ਰਾਜ ਦਾ ਹਿੱਸਾ ਸੀ। ਉਸ ਦਾ ਅਸਲੀ ਨਾਮ ਨੀਲਕੰਠ ਪਿਲੇਈ ਸੀ। ਉਹ ਤਰਾਵਣਕੋਰ ਦੇ ਮਹਾਰਾਜਾ ਮਾਰਥੰਡਾ ਵਰਮਾ ਦੇ ਦਰਬਾਰ ਦਾਇੱਕ ਅਧਿਕਾਰੀ ਸੀ ਅਤੇ ਉਸ ਨੂੰ ਡੱਚ ਨੇਵੀ ਵਿੱਚ ਕਮਾਂਡਰ ਨੇ ਕੈਥੋਲਿਕ ਈਸਾਈ ਧਰਮ ਦੀ ਦੀਕਸ਼ਾ ਦਿੱਤੀ ਸੀ। ਵੈਟੀਕਨਨੇ ਉਸ ਦਾ ਵਰਣਨ ਕਰਨ ਲਈ ਤਿਆਰ ਕੀਤੇ ਨੋਟ ਵਿੱਚ ਕਿਹਾ ਹੈ ਕਿਪ੍ਰਚਾਰ ਕਰਦੇ ਸਮੇਂ ਉਸਨੇ ਵਿਸ਼ੇਸ਼ ਤੌਰ ਉੱਤੇ ਜਾਤੀ ਵਿਤਕਰੇ ਤੋਂ ਪਰੇ ਹਟ ਕੇ ਸਾਰੇ ਲੋਕਾਂ ਦੀ ਸਮਾਨਤਾ ਉੱਤੇ ਜ਼ੋਰ ਦਿੱਤਾ ਸੀ, ਇਸ ਕਾਰਨ ਉੱਚ ਵਰਗ ਵਿਚ ਉਸ ਪ੍ਰਤੀ ਨਫ਼ਰਤ ਪੈਦਾ ਹੋ ਗਈ। ਸਾਲ 1749 ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ 14 ਜਨਵਰੀ 1752 ਨੂੰ ਉਸ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਅੰਤ ਵਿੱਚ ਸ਼ਹੀਦੀ ਦਾ ਤਾਜ ਪਹਿਨਾਇਆ ਗਿਆ।

# ਗੰਨ ਕਲਚਰ ਅਤੇ ਗੈਂਗਸਟਰਾਂ ਵਾਲੇ ਗੀਤਾਂ ਉੱਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਾਰਵਾਈ ਦੀ ਚਿਤਾਵਨੀ

ਚੰਡੀਗੜ੍ਹ, 15 ਮਈ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਖੁਦ ਸਭਿਆਚਾਰਕ ਪਿਛੋਕੜ ਨਾਲ ਸਬੰਧਤ ਹਨ, ਪਰ ਉਨ੍ਹਾਂ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ ਹੈ ਕਿ ਗੀਤਾਂ ਵਿੱਚ ਗੰਨ ਕਲਚਰ ਅਤੇ ਗੈਂਗਸਟਰ ਕਲਚਰ ਬੰਦ ਕੀਤਾ ਜਾਵੇ, ਨਹੀਂ ਤਾਂ ਸਰਕਾਰ ਸਖ਼ਤ ਕਾਰਵਾਈ ਕਰੇਗੀ।

ਵਰਨਣ ਯੋਗ ਹੈ ਕਿ ਪੰਜਾਬੀ ਗਾਇਕਾਂ ਪ੍ਰਤੀ ਮੁੱਖ ਮੰਤਰੀ ਭਗਵੰਤ ਮਾਨ ਦੀ ਇਹ ਸਖ਼ਤੀ ਪੁਲਸ ਅਫ਼ਸਰਾਂ ਨਾਲ ਡਰੱਗਜ਼ ਬਾਰੇ ਹੋਈ ਮੀਟਿੰਗ ਪਿੱਛੋਂ ਸਾਹਮਣੇ ਆਈ ਹੈ, ਜਿੱਥੇ ਉਨ੍ਹਾਂ ਨੇ ਡਰੱਗ ਟਰੇਡ ਉੱਤੇ ਕਾਬੂ ਪਾਉਣ ਲਈ ਐਕਸ਼ਨ ਪਲਾਨ ਦਿੱਤਾ ਅਤੇ ਗੰਨ ਕਲਚਰ ਅਤੇ ਗੈਂਗਸਟਰ ਕਲਚਰ ਤੋਂ ਇਲਾਵਾ ਲੱਚਰਤਾ ਵਾਲੇ ਗੀਤਾਂ ਉੱਤੇ ਸਖ਼ਤੀ ਵਰਤਣ ਦੀਆਂ ਹਦਾਇਤਾਂ ਵੀ ਅਫ਼ਸਰਾਂ ਨੂੰ ਦਿੱਤੀਆਂ।ਉਨ੍ਹਾਂ ਕਿਹਾ ਕਿ ਬੰਦੂਕ ਸੱਭਿਆਚਾਰ ਅਤੇ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਗੀਤ ਬੰਦ ਕਰੋ, ਜੇ ਅਜਿਹਾ ਨਾ ਕੀਤਾ ਗਿਆ ਤਾਂ ਸਰਕਾਰ ਸਖ਼ਤ ਕਾਰਵਾਈ ਕਰੇਗੀ। ਉਨ੍ਹਾਂ ਇਸ ਗੱਲ ਤੋਂ ਵੀ ਸੁਚੇਤ ਕੀਤਾ ਹੈ ਕਿ ਹਾਲੇ ਇਹ ਅਪੀਲ ਹੈ, ਪਰ ਜੇ ਭਵਿੱਖ ਵਿੱਚ ਅਜਿਹੇ ਗੀਤ ਆਉਂਦੇ ਹਨ ਤਾਂ ਸਰਕਾਰ ਉਨ੍ਹਾਂ ਨੂੰ ਬਖ਼ਸ਼ੇਗੀਨਹੀਂ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਐਸ ਐਸ ਪੀਜ਼, ਪੁਲਸ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਇਸ ਉੱਤੇ ਨਜ਼ਰ ਰੱਖਣ ਲਈ ਕਿਹਾ ਅਤੇ ਹਦਾਇਤ ਕੀਤੀ ਕਿ ਗਾਇਕਾਂ ਨੂੰ ਗੀਤਾਂ ਰਾਹੀਂ ਹਿੰਸਾ ਨਾ ਫੈਲਾਉਣ ਦਿੱਤੀ ਜਾਵੇ। ਗਾਇਕਾਂ ਦੇ ਗੀਤਾਂ ਦਾ ਛੇਤੀ ਪ੍ਰਭਾਵ ਪੈਂਦਾ ਅਤੇ ਗਲਤ ਗੀਤਾਂ ਨਾਲ ਬੱਚੇ ਵਿਗੜ ਜਾਂਦੇ ਹਨ। ਇਸ ਲਈ ਇਨ੍ਹਾਂ ਗੀਤਾਂ ਵਿੱਚ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਹੀ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੰਜਾਬੀ ਗਾਇਕ ਨੂੰ ਨਸੀਹਤ ਦਿੱਤੀ ਕਿ ਉਹ ਆਪਣੇ ਗੀਤਾਂ ਵਿੱਚ ਸਮਾਜ ਵਿਰੋਧੀਆਂ ਦੀ ਵਡਿਆਈ ਨਾ ਕਰਨ। ਇਸ ਨਾਲ ਸਮਾਜ ਵਿੱਚ ਹਿੰਸਾ, ਨਫ਼ਰਤ ਤੇ ਦੁਸ਼ਮਣੀ ਭੜਕਦੀ ਹੈ, ਇਸ ਦੀ ਥਾਂ ਗਾਇਕਾਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ ਉੱਤੇ ਚੱਲਦੇ ਹੋਏ ਭਾਈਚਾਰਕ ਸਾਂਝ, ਸ਼ਾਂਤੀ ਤੇ ਸਦਭਾਵਨਾ ਮਜ਼ਬੂਤ ਕਰਨ ਵਾਲੇ ਗੀਤ ਗਾਉਣੇ ਚਾਹੀਦੇ ਹਨ।ਮੁੱਖ ਮੰਤਰੀ ਭਗਵੰਤ ਮਾਨ ਲਈ ਪਾਲੀਵੁੱਡ ਇੰਡਸਟਰੀ ਨਵੀਂ ਗੱਲ ਨਹੀਂ, ਉਨ੍ਹਾ ਨੇ ਕਈ ਦਹਾਕਿਆਂ ਤੋਂ ਕਾਮੇਡੀ ਕੀਤੀ ਹੈ। ਉਨ੍ਹਾਂ ਦੇ ਕਈ ਟੀ ਵੀ ਸ਼ੋਅ, ਕੈਸੇਟਾਂ ਮਾਰਕੀਟ ਵਿੱਚ ਆਈਆਂ ਹਨ।

# ਥਾਮਸ ਕੱਪ ਵਿਚ ਭਾਰਤ ਨੇ 14 ਵਾਰ ਦੀ ਚੈਂਪੀਅਨ ਟੀਮ ਇੰਡੋਨੇਸ਼ੀਆ ਨੂੰ ਹਰਾ ਕੇ ਜਿੱਤ ਦਾ ਇਤਿਹਾਸ ਰਚਿਆ

ਨਵੀਂ ਦਿੱਲੀ, 15 ਮਈ, (ਪੋਸਟ ਬਿਊਰੋ)- ਭਾਰਤ ਨੇ 14 ਵਾਰ ਦੀ ਚੈਂਪੀਅਨ ਇੰਡੋਨੇਸ਼ੀਆ ਨੂੰ ਥਾਮਸ ਕੱਪ ਫਾਈਨਲ ਵਿੱਚਹਰਾ ਕੇ ਇਤਿਹਾਸ ਰਚ ਦਿੱਤਾ ਹੈ। 73 ਸਾਲਾਂ ਵਿੱਚਭਾਰਤ ਨੇ ਪਹਿਲੀ ਵਾਰ ਖਿਤਾਬ ਜਿੱਤਿਆ ਹੈ।

ਇਹ ਖਿਤਾਬ ਜਿੱਤਣ ਵਾਲਾ ਭਾਰਤ ਛੇਵਾਂ ਦੇਸ਼ ਬਣ ਗਿਆ ਹੈ। ਇਸ ਮੁਕਾਬਲੇ ਵਿੱਚ ਕਿਦਾਂਬੀ ਸ੍ਰੀਕਾਂਤ, ਲਕਸ਼ਯ ਸੇਨ ਨਾਲ ਸੱਜੀ ਭਾਰਤੀ ਬੈਡਮਿੰਟਨ ਟੀਮ ਨੇ ਇੰਡੋਨੇਸ਼ੀਆ ਨੂੰ 3-0 ਨਾਲ ਹਰਾਇਆ। ਲਕਸ਼ਯ ਸੇਨ ਨੇ ਫਾਈਨਲ ਦਾ ਪਹਿਲਾ ਮੈਚ ਜਿੱਤ ਕੇ ਟੀਮ ਨੂੰ 1-0 ਦੀ ਬੜ੍ਹਤ ਦਿਵਾਈ। ਲਕਸ਼ੈ ਨੇ ਐਂਥਨੀ ਸਿਨਿਸੁਕਾ ਨੂੰ 8-21, 21-17, 21-16 ਨਾਲ ਹਰਾਇਆ। ਸੈਮੀਫਾਈਨਲ ਵਿੱਚਆਸ ਮੁਤਾਬਕ ਪ੍ਰਦਰਸ਼ਨ ਕਰਨ ਵਿੱਚ ਨਾਕਾਮ ਰਹੇ ਲਕਸ਼ਯ ਸੇਨ ਨੇ ਫਾਈਨਲ ਵਿੱਚ ਕੋਈ ਗਲਤੀ ਨਹੀਂ ਕੀਤੀ। ਪਹਿਲੀ ਗੇਮ ਬੁਰੀ ਤਰ੍ਹਾਂ ਗੁਆਉਣ ਤੋਂ ਬਾਅਦ ਉਹ ਦੂਸਰੀ ਗੇਮ ਵਿੱਚ ਵਾਪਸੀ ਕਰ ਕੇ ਐਂਥਨੀ ਉੱਤੇ ਦਬਾਅ ਬਣਾਉਣ ਲੱਗਾ ਅਤੇ ਅਗਲੇ ਦੋ ਮੈਚ ਸ਼ਾਨਦਾਰ ਤਰੀਕੇ ਨਾਲ ਜਿੱਤੇ।

ਭਾਰਤ ਦਾ ਇਹ ਸਫ਼ਰ ਸਾਤਵਿਕ ਸਾਈਰਾਜ ਤੇ ਚਿਰਾਗ ਸ਼ੈਟੀ ਦੀ ਜੋੜੀ ਨੇ ਕਾਇਮ ਰੱਖਿਆ। ਭਾਰਤੀ ਜੋੜੀ ਨੇ ਦੂਸਰਾ ਮੈਚ 18-21, 23-21, 21-19 ਨਾਲ ਜਿੱਤ ਕੇ ਭਾਰਤ ਨੂੰ 2-0 ਦੀ ਬੜ੍ਹਤ ਕੀਤੀ। ਜੋੜੀ ਨੂੰ ਜਿੱਤ ਲਈ ਕਾਫੀ ਪਸੀਨਾ ਵਹਾਉਣਾ ਪਿਆ। ਭਾਰਤੀ ਜੋੜੀ ਮੁਹੰਮਦ ਅਹਿਸਾਨ ਤੇ ਕੇਵਿਨ ਸੰਜੇ ਦੇ ਖਿਲਾਫ ਪਹਿਲੀ ਗੇਮ ਹਾਰ ਗਈ, ਪਰ ਦੂਸਰੀ ਗੇਮ ਵਿੱਚ 4 ਮੈਚ ਪੁਆਇੰਟ ਬਚਾਏ ਅਤੇ ਤੀਜੀ ਗੇਮ ਵੀ ਆਪਣੇ ਨਾਮ ਕਰ ਲਈ। ਇਸ ਤੋਂ ਬਾਅਦ ਭਾਰਤ ਦੇ ਤਜਰਬੇਕਾਰ ਖਿਡਾਰੀ ਕਿਦਾਂਬੀ ਸ੍ਰੀਕਾਂਤ ਨੇ 8ਵੇਂ ਨੰਬਰ ਦੇ ਖਿਡਾਰੀ ਜੋਨਾਥਨ ਕ੍ਰਿਸਟੀ ਨੂੰ ਸਿੱਧੇ ਗੇਮਾਂ ਵਿੱਚ 48 ਮਿੰਟ ਵਿੱਚ 21-15, 23-21 ਨਾਲ ਹਰਾ ਕੇ ਭਾਰਤ ਨੂੰ ਪਹਿਲੀ ਵਾਰ ਥਾਮਸ ਕੱਪ ਚੈਂਪੀਅਨ ਬਣਾਇਆ।

ਇਸ ਪਿੱਛੋਂਸੈਮੀਫਾਈਨਲ ਵਿੱਚ ਅਹਿਮ ਜਿੱਤ ਦਿਵਾ ਕੇ ਭਾਰਤ ਨੂੰ ਫਾਈਨਲ ਵਿੱਚ ਪੁਚਾਉਣ ਵਾਲੇ ਐੱਸਐੱਸਪ੍ਰਣਯ ਅਤੇ ਐੱਮਆਰਅਰਜੁਨ ਅਤੇ ਧਰੁਵ ਕਪਿਲਾ ਦੀ ਜੋੜੀ ਨੂੰ ਖੇਡਣ ਦੀ ਲੋੜ ਨਹੀਂ ਪਈ। ਇਸ ਟੂਰਨਾਮੈਂਟ ਵਿੱਚ ਇੰਡੋਨੇਸ਼ੀਆ ਦੀ ਟੀਮ ਦੀ ਇਹ ਪਹਿਲੀ ਅਤੇ ਕਦੇ ਨਾ ਭੁੱਲਣ ਵਾਲੀ ਹਾਰ ਹੈ। ਉਨ੍ਹਾਂ ਨੇ ਪਿਛਲੇ ਸਾਰੇ ਮੈਚ ਜਿੱਤੇ, ਪਰ ਭਾਰਤ ਦੀ ਇਕਲੌਤੀ ਹਾਰ ਗਰੁੱਪ ਗੇੜ ਵਿੱਚ ਚੀਨੀ ਤਾਈਪੇ ਖਿਲਾਫ ਹੋਈ ਸੀ। ਇੰਡੋਨੇਸ਼ੀਆ ਨੇ ਨਾਕਆਊਟ ਗੇੜ ਵਿੱਚਚੀਨ ਤੇ ਜਾਪਾਨ ਨੂੰ ਹਰਾਇਆ। ਭਾਰਤ ਨੇ ਪੰਜ ਵਾਰ ਦੇ ਸਾਬਕਾ ਚੈਂਪੀਅਨ ਮਲੇਸ਼ੀਆ ਅਤੇ 2016 ਦੇ ਜੇਤੂ ਡੈਨਮਾਰਕ ਨੂੰ ਹਰਾਇਆ ਸੀ। ਇਸ ਜਿੱਤ ਨਾਲ ਭਾਰਤ ਵਿੱਚ ਖੁਸ਼ੀ ਦੀ ਲਹਿਰ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

# ਰਸੋਈਏ ਦੀ ਹੱਤਿਆ, ਹਵਾਈ ਸੈਨਾ ਦੇ ਤਿੰਨ ਅਫਸਰਾਂ ਨੂੰ ਉਮਰ ਕੈਦ ਦੀ ਸਜ਼ਾ

ਨਵੀਂ ਦਿੱਲੀ, 15 ਮਈ (ਪੋਸਟ ਬਿਊਰੋ)- ਅਹਿ-ਮਦਾਬਾਦ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਭਾਰਤੀ ਹਵਾਈ ਫ਼ੌਜ ਦੇ ਦੋ ਸੇਵਾਮੁਕਤ ਅਤੇ ਇੱਕ ਮੌਜੂਦਾ ਅਧਿਕਾਰੀ ਨੂੰ 27 ਸਾਲ ਪਹਿਲਾਂ ਰਸੋਈਏ ਗਿਰਿਜਾ ਰਾਵਤ ਦੀ ਹੱਤਿਆ ਦੇ ਕੇਸ ਵਿੱਚ ਉਮਰ ਕੈਦ ਦੀ ਸਖਤ ਸਜ਼ਾ ਸੁਣਾਈ ਹੈ।

ਜਾਮਨਗਰ ਦੇ ਏਅਰਫੋਰਸ ਸਟੇਸ਼ਨ ਉੱਤੇ ਰਸੋਈਏ ਰਾਹਤ ਨੂੰ ਨਵੰਬਰ 1995 ਵਿੱਚ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਸੀ, ਕਿਉਂਕਿ ਦੋਸ਼ੀਆਂ ਨੂੰ ਸ਼ੱਕ ਸੀ ਕਿ ਉਸ ਨੇ ਕੰਟੀਨ ਤੋਂ ਸ਼ਰਾਬ ਚੋਰੀ ਕੀਤੀ ਸੀ।ਦੋਸ਼ੀ ਅਧਿਕਾਰੀਆਂ ਵਿੱਚ ਅਨੂਪ ਸੂਦ (ਓਦੋਂ ਦੇ ਸਕੁਐਡਰਨ ਲੀਡਰ) ਤੇ ਸਾਰਜੈਂਟ ਅਨਿਲ ਕੇ ਐਨ ਅਤੇ ਮਹਿੰਦਰ ਸਿੰਘ ਸ਼ੇਰਾਵਤ ਸ਼ਾਮਲ ਹਨ। ਅਨੂਪ ਸੂਦ, ਜੋ ਗਰੁੱਪ ਕੈਪਟਨ ਵਜੋਂ ਰਿਟਾਇਰ ਹੋਇਆ ਹੈ, ਨੇ ਸੋਸ਼ਲ ਮੀਡੀਆ ਪ੍ਰੋਫਾਈਲ ਉੱਤੇ ਆਪਣੇ ਆਪ ਨੂੰ



ਐਨ ਐਸ ਜੀ ਦਾ ਟਰੇਂਡ ਕਮਾਂਡੋ ਦੱਸਿਆ ਹੈ। ਅਨਿਲ ਕੇ ਐਨ ਹਵਾਈ ਫ਼ੌਜਤੋਂ ਸੇਵਾਮੁਕਤ ਹੋ ਚੁੱਕਾ ਹੈ ਜਦਕਿ ਸਹਿਰਾਵਤ ਅਜੇ ਨੌਕਰੀ ਉੱਤੇ ਹੈ। ਰਾਵਤ ਦੀ ਪਤਨੀ ਦੀ ਪਟੀਸ਼ਨ ਉੱਤੇ ਗੁਜਰਾਤ ਹਾਈ ਕੋਰਟ ਦੇ ਹੁਕਮਾਂ ਉੱਤੇ ਸੀ ਬੀ ਆਈ ਨੇ 22 ਫਰਵਰੀ, 2012 ਵਿੱਚ ਕੇਸ ਆਪਣੇ ਹੱਥਾਂ ਵਿੱਚ ਲਿਆ ਸੀ।

ਸੀ ਬੀ ਆਈ ਦੇ ਬੁਲਾਰੇ ਆਰ ਸੀ ਜੋਸ਼ੀ ਨੇ ਕਿਹਾ ਕਿ 13 ਨਵੰਬਰ 1995 ਨੂੰ ਏਅਰ ਫੋਰਸ ਪੁਲਸ ਦੇ 10-12 ਅਧਿਕਾਰੀਆਂ ਨੇ ਰਾਵਤ ਦੀ ਰਿਹਾਇਸ਼ ਉੱਤੇ ਤਲਾਸ਼ੀ ਲਈ ਅਤੇ ਉਸ ਨੂੰ ਨਾਲ ਲਿਜਾ ਕੇ ਜਬਰੀ ਕਬੂਲ ਕਰਾਇਆ ਕਿ ਉਸ ਨੇ ਏਅਰ ਫੋਰਸ ਦੀ ਕੰਟੀਨ ਤੋਂ ਸ਼ਰਾਬ ਚੋਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਵਤ ਦੀ ਪਤਨੀ ਸ਼ਾਮ ਨੂੰ ਆਪਣੇ ਪਤੀ ਦੀ ਰਿਹਾਈ ਲਈ ਗਾਰਡ ਰੂਮ ਵਿੱਚ ਗਈ ਤਾਂ ਉਸ ਨੂੰ ਦੱਸਿਆ ਗਿਆ ਕਿ ਰਾਵਤ ਨੂੰ ਛੇਤੀ ਛੱਡ ਦਿੱਤਾ ਜਾਵੇਗਾ ਜਦਕਿ ਮੁਲਜ਼ਮਾਂ ਵੱਲੋਂ ਦਿੱਤੇ ਤਸੀਹਿਆਂ ਨਾਲ ਉਸ ਦੀ ਮੌਤ ਹੋ ਚੁੱਕੀ ਸੀ। ਅਗਲੇ ਦਿਨ ਪਤਨੀ ਨੂੰ ਉਸ ਦੀ ਮੌਤ ਬਾਰੇ ਦੱਸਿਆ ਗਿਆ। ਮੁਕੰਮਲ ਜਾਂਚ ਮਗਰੋਂ ਸੀ ਬੀ ਆਈ ਨੇ 30 ਜੁਲਾਈ 2013 ਵਿੱਚ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਹੇਠਲੀ ਅਦਾਲਤ ਨੇ ਤਿੰਨ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਅਤੇ ਇੱਕ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਸੀ।

# ਸਹਾਰਾ ਕੰਪਨੀ ਦੇ ਮੁਖੀ ਦੀ ਅਦਾਲਤ ਪੇਸ਼ੀ ਦੇ ਹੁਕਮ ਉੱਤੇ ਰੋਕ

ਨਵੀਂ ਦਿੱਲੀ, 15 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਪਟਨਾ ਹਾਈ ਕੋਰਟ ਦੇ ਉਸ ਆਦੇਸ਼ ਉੱਤੇ ਰੋਕ ਲਾ ਦਿੱਤੀ ਹੈ, ਜਿਸ ਵਿੱਚ ਉਸ ਨੇ ਸਹਾਰਾ ਅਦਾਰੇ ਦੇ ਮੁਖੀ ਸੁਬਰਤ ਰਾਏ ਨੂੰ 16 ਮਈ ਨੂੰ ਨਿੱਜੀ ਤੌਰ ਉੱਤੇ ਪੇਸ਼ ਕਰਨ ਦਾ ਬਿਹਾਰ ਦੇ ਡੀ ਜੀ ਪੀ ਨੂੰ ਨਿਰਦੇਸ਼ ਦਿੱਤਾ ਸੀ। ਇਹ ਮਾਮਲਾ ਸਹਾਰਾ ਗਰੁੱਪ ਦੀਆਂ ਕੁਝ ਕੰਪਨੀਆਂ ਵੱਲੋਂ ਨਿਵੇਸ਼ਕਾਂ ਦਾ ਕਈ ਹਜ਼ਾਰ ਕਰੋੜ ਰੁਪਇਆ ਵਾਪਸ ਨਾ ਕਰਨ ਨਾਲ ਸਬੰਧਤ ਹੈ। ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਉਸ ਆਦੇਸ਼ ਉੱਤੇ ਵੀ ਰੋਕ ਲਾ ਦਿੱਤੀ ਹੈ, ਜਿਸ ਵਿੱਚ ਉਸ ਨੇ 11 ਫਰਵਰੀ ਨੂੰ ਇੱਕ ਜ਼ਮਾਨਤ ਦੇ ਕੇਸ ਵਿੱਚ ਸਹਾਰਾ ਕ੍ਰੈਡਿਟ ਕੋਆਪਰੇਟਿਵ ਸੁਸਾਂਇਟੀਜ਼ ਲਿਮਟਿਡ ਤੇ ਸੁਬਰਤ ਰਾਏ ਨੂੰ ਧਿਰ ਬਣਾਉਣ ਦਾ ਨਿਰਦੇਸ਼ ਦਿੱਤਾ ਤੇ ਫਿਰ ਸੁਬਾਰਤ ਰਾਏ ਨੂੰ ਨਿੱਜੀ ਤੌਰ ਉੱਤੇ ਪੇਸ਼ ਹੋਣ ਲਈ ਕਿਹਾ ਸੀ। ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਜੇਬੀ ਪਰਦੀਵਾਲਾ ਦੀ ਬੈਂਚ ਨੇ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਂਦੀ ਸਹਾਰਾ ਦੇ ਮੁਖੀ ਦੀ ਪਟੀਸ਼ਨ ਉੱਤੇ ਨੋਟਿਸ ਜਾਰੀ ਕੀਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਖੇਤ ਵਿੱਚ ਬੇਹੋਸ਼ ਪਏ ਮਿਲੇ ਵੈਟਰਨਰੀ ਡਾਕਟਰ ਦੀ ਮੌਤ

## *ਸਿਰ ਅਤੇ ਮੋਢੇ ਉੱਤੇ ਗੰਭੀਰ ਜ਼ਖਮ

ਅਲਾਵਲਪੁਰ, 15 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਪੰਡੋਰੀ ਨਿੱਝਰਾਂ ਤੋਂ ਸਫੀਪੁਰ ਜਾਂਦੀ ਸੜਕ ਉੱਤੇ ਸ਼ੱਕੀ ਹਾਲਤ ਵਿੱਚ ਖੇਤ ਵਿੱਚ ਬੇਹੋਸ਼ ਮਿਲੇ ਵੈਟਰਨਰੀ ਡਾਕਟਰ ਮਨਪ੍ਰੀਤ ਸਿੰਘ ਨੇ ਤਿੰਨ ਦਿਨ ਇਲਾਜ ਦੇ ਬਾਅਦ ਕੱਲ੍ਹ ਸਵੇਰੇ ਦਮ ਤੋੜ ਦਿੱਤਾ। ਇਸ ਬਾਰੇ ਪੁਲਸ ਅਗਲੀ ਪੜਤਾਲ ਕਰ ਰਹੀ ਹੈ।

ਮ੍ਰਿਤਕ ਦੇ ਚਾਚਾ ਪਵਨ ਕੁਮਾਰ ਨੇ ਦੱਸਿਆ ਕਿ ਡਾਕਟਰ ਮਨਪ੍ਰੀਤ ਸਿੰਘ ਆਦਮਪੁਰ ਦੇ ਪਿੰਡ ਬਹੂਦੀਪੁਰ ਵਿੱਚ ਨੌਕਰੀ ਕਰਦਾ ਸੀ। 11 ਮਈ ਨੂੰ ਸ਼ਾਮ 6.30 ਵਜੇ ਉਹ ਦਵਾ ਲੈਣ ਕਠਾਰ ਗਿਆ ਸੀ। ਰਾਤ ਨੌਂ ਵਜੇ ਸਾਬਕਾ ਕੌਂਸਲਰ ਰਾਮ ਰਤਨ ਪੱਪੀ ਨੇ ਫੋਨ ਕਰ ਕੇ ਦੱਸਿਆ ਕਿ ਮਨਪ੍ਰੀਤ ਖੇਤ ਵਿੱਚ ਬੇਹੋਸ਼ ਪਿਆ ਹੈ ਤੇ ਉਹ ਗੰਭੀਰ ਜ਼ਖਮੀ ਹੈ। ਹਾਲਤ ਗੰਭੀਰ ਹੋਣ ਕਾਰਨ ਆਦਮਪੁਰ ਦੇ ਨਿੱਜੀ ਹਸਪਤਾਲ ਤੋਂ ਉਸ ਨੂੰ ਨੂਰਪੁਰ ਦੇ ਨਿੱਜੀ ਹਸਪਤਾਲ ਲੈ ਗਏ, ਜਿੱਥੇ 14 ਮਈ ਨੂੰ ਸਵੇਰੇ ਮਨਪ੍ਰੀਤ ਨੇ ਦਮ ਤੋੜ ਦਿੱਤਾ।ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ। ਮਨਪ੍ਰੀਤ ਦੇ ਸਿਰ ਤੇ ਮੋਢੇ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਡੂੰਘੇ ਵਾਰ ਹੋਏ ਸਨ। ਕਾਤਲਾਂ ਨੇ ਮਨਪ੍ਰੀਤ ਦੀ ਮੋਟਰ ਸਾਈਕਲ ਨੂੰ ਨੁਕਸਾਨ ਕਰ ਕੇ ਅਤੇ ਮੋਬਾਈਲ ਨੂੰ ਘਟਨਾ ਵਾਲੀ ਥਾਂ ਉੱਤੇ ਤੋੜ ਕੇ ਇਸ ਨੂੰ ਹਾਦਸਾ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ।

# ਪੰਜਾਬ ਵਿਧਾਨ ਸਭਾ ਵਿਚ ਲੋਕ ਮੁੱਦਿਆਂ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਜਾਵੇਗੀ : ਸੰਧਵਾਂ

## – ਕਿਹਾ! ਇਤਿਹਾਸ ਵਿੱਚ ਪਹਿਲੀ ਵਾਰ ਸਭ ਤੋਂ ਵੱਧ ਲੰਮਾ ਹੋਵੇਗਾ ਬਜਟ ਸੈਸ਼ਨ



ਮੋਗਾ, 15 ਮਈ (ਗਿਆਨ ਸਿੰਘ): ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ ਕੁਲਤਾਰ ਸਿੰਘ ਸੰਧਵਾਂ ਨੇ ਵਚਨਬੱਧਤਾ ਪ੍ਰਗਟਾਈ ਹੈ ਕਿ ਵਿਧਾਨ ਸਭਾ ਵਿਚ ਲੋਕਾਂ ਨਾਲ ਮੁੱਦਿਆਂ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਜਾਂਦੀ ਰਹੇਗੀ। ਉਹ ਅੱਜ ਇਥੇ ਵੱਖ ਵੱਖ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿੱਚ ਸਰਿਕਤ ਕਰਨ ਲਈ ਪਹੁੰਚੇ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਸਭ ਤੋਂ ਲੰਮਾ ਸੈਸ਼ਨ ਹੋਵੇਗਾ। ਜਿਸ ਵਿੱਚ ਲੋਕਾਂ ਦੀ ਇੱਛਾ ਮੁਤਾਬਿਕ ਬਜਟ ਤਿਆਰ ਨੂੰ ਪੇਸ਼ ਕੀਤਾ ਜਾਵੇਗਾ। ਪਹਿਲਾਂ ਇਹ ਸੈਸ਼ਨ ਇਕ ਦੋ ਦਿਨ ਦਾ ਹੁੰਦਾ ਸੀ ਪਰ ਹੁਣ ਇਹ ਘੱਟੋ ਘੱਟ ਦਸ ਦਿਨ ਦਾ ਹੋਵੇਗਾ। ਉਹਨਾਂ ਕਿਹਾ ਕਿ ਕਿਸੇ ਵੀ ਬਜਟ ਨਾਲ ਲੋਕਾਂ ਦੀ ਆਰਥਿਕਤਾ ਅਤੇ ਜੀਵਨ ਸ਼ੈਲੀ ਨੂੰ ਬਹੁਤ ਵੱਡਾ ਫਰਕ ਪੈਂਦਾ ਹੈ। ਬਜਟ ਨਾਲ ਲੋਕਾਂ ਦੀਆਂ ਇਛਾਵਾਂ ਜੁੜੀਆਂ ਹੁੰਦੀਆਂ ਹਨ। ਜਿਹਨਾਂ ਉੱਤੇ ਖੁੱਲ੍ਹ ਕੇ ਚਰਚਾ ਹੋਣੀ ਬਹੁਤ ਜ਼ਰੂਰੀ ਹੈ। ਇਸੇ ਕਰਕੇ ਹੀ ਇਸ ਵਾਰ ਪੰਜਾਬ ਸਰਕਾਰ ਨੇ ਲੋਕਾਂ ਦੀ ਇੱਛਾ ਅਨੁਸਾਰ ਬਜਟ ਤਿਆਰ ਕਰਨ ਲਈ ਲੋਕਾਂ ਦੀ ਰਾਏ ਮੰਗੀ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਸ੍ਰ ਸੰਧਵਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਪੰਜਾਬੀ ਭਾਸ਼ਾ ਨੂੰ ਹਮੇਸ਼ਾਂ ਮਹੱਤਤਾ ਦਿੱਤੀ ਜਾਵੇਗੀ। ਸਾਡੀ ਮਾਂ ਬੋਲੀ ਪੰਜਾਬੀ ਨੂੰ ਰੋਜ਼ਗਾਰ ਦੀ ਬੋਲੀ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਕੰਮ ਸੇਵਾ ਹੈ। ਲੋਕਾਂ ਦੇ ਪਿਆਰ ਅਤੇ ਸਹਿਯੋਗ ਸਦਕਾ ਇਹ ਸੇਵਾ ਨਿਰੰਤਰ ਜਾਰੀ ਰਹੇਗੀ।

ਪੰਜਾਬ ਸਰਕਾਰ ਵੱਲੋਂ ਸੂਬੇ ਦਾ ਖ਼ਜ਼ਾਨਾ ਭਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਚੋਣ ਵਾਅਦੇ ਪੂਰੇ ਕਰਨ ਬਾਰੇ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਵੇਂ ਦਿੱਲੀ ਵਿੱਚ ਆਪਣੇ ਵਾਅਦੇ ਪੂਰੇ ਕੀਤੇ ਹਨ ਉਸੇ ਤਰਜ਼ ਉੱਤੇ ਹੀ ਪੰਜਾਬ ਵਾਸੀਆਂ ਨਾਲ ਕੀਤੇ ਚੋਣ ਵਾਅਦੇ ਪੂਰੇ ਕੀਤੇ ਜਾਣਗੇ।

ਰਸੂਖਦਾਰ ਲੋਕਾਂ ਅਤੇ ਜੇਲ੍ਹਾਂ ਵਿੱਚੋਂ ਵੀ ਆਈ ਪੀ ਕਲਚਰ ਖਤਮ ਕਰਨ ਬਾਰੇ ਉਹਨਾਂ ਕਿਹਾ ਕਿ ਸਰਕਾਰ ਦੀ ਨੀਅਤ ਉੱਤੇ ਕੋਈ ਸ਼ੱਕ ਨਹੀਂ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਦ੍ਰਿੜਤਾ ਹੈ ਕਿ ਇਹ ਕਲਚਰ ਜਲਦ ਖਤਮ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਸੂਬੇ ਦੀਆਂ ਜੇਲ੍ਹਾਂ ਵਿੱਚੋਂ ਵੀ.ਆਈ.ਪੀ. ਸੱਭਿਆਚਾਰ ਖ਼ਤਮ ਕਰਨ ਦੀ ਦਿਸ਼ਾ ਵਿੱਚ ਵੱਡੀ ਸ਼ੁਰੂਆਤ ਹੈ। ਜੇਲ੍ਹਾਂ ਵਿੱਚੋਂ ਵੀ.ਆਈ.ਪੀ. ਸੱਭਿਆਚਾਰ ਨੂੰ ਜੜ੍ਹੋਂ ਮਿਟਾਉਣ ਲਈ ਪੰਜਾਬ ਸਰਕਾਰ ਨੇ ਸਾਰੇ ਵੀ.ਆਈ.ਪੀ. ਸੈੱਲਾਂ ਨੂੰ ਖ਼ਤਮ ਕਰਨ ਅਤੇ ਇਨ੍ਹਾਂ ਨੂੰ ਪ੍ਰਬੰਧਕੀ ਬਲਾਕਾਂ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਜਿਹੜੇ ਜੇਲ੍ਹਾਂ ਵਿੱਚ ਬੰਦੀ ਹਨ, ਉਨ੍ਹਾਂ ਨੂੰ ਅਦਾਲਤਾਂ ਨੇ ਕਾਨੂੰਨ ਤੋੜਨ ਬਦਲੇ ਸਜ਼ਾਵਾਂ ਦਿੱਤੀਆਂ ਹਨ ਅਤੇ ਉਹ ਜੇਲ੍ਹਾਂ ਵਿੱਚ ਬੈਠੇ ਹੋਏ ਸਹੂਲਤਾਂ ਦਾ ਆਨੰਦ ਨਹੀਂ ਮਾਣ ਸਕਦੇ। ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਨੂੰ ਹੁਣ ਅਸਲ ਵਿੱਚ ਸੁਧਾਰ ਘਰ ਬਣਾਇਆ ਜਾਵੇਗਾ, ਜਿੱਥੇ ਅਪਰਾਧੀਆਂ ਨੂੰ ਆਪਣੇ ਕੀਤੇ ਗੁਨਾਹਾਂ ਦੀ ਅਸਲ ਮਾਇਨਿਆਂ ਵਿੱਚ ਸਜ਼ਾ ਭੁਗਤਣੀ ਪਵੇਗੀ। ਇਕ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰ ਸੰਧਵਾਂ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ, ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਿੰਘ ਸੂਰਮਿਆਂ ਦੀ ਲਾਸਾਨੀ ਕੁਰਬਾਨੀ ਉੱਤੇ ਮਾਣ ਹੋਣਾ ਚਾਹੀਦਾ ਹੈ।ਇਕ ਸਮਾਜਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਕਿਸੇ ਵੀ ਸਮਾਜ ਦੇ ਉਥਾਨ ਵਿਚ ਗੈਰ ਸਰਕਾਰੀ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਉਹਨਾਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਸਮਾਜਿਕ ਜ਼ਿੰਮੇਵਾਰੀ ਸਮਝਦਿਆਂ ਆਪਣਾ ਇਹ ਯੋਗਦਾਨ ਜਾਰੀ ਰੱਖਣ। ਇਸ ਦੌਰਾਨ ਉਹਨਾਂ ਨੇ ਪ੍ਰਸਿੱਧ ਵੈਟਰਨ ਪੱਤਰਕਾਰ ਸ੍ਰ ਅਮਰ ਸਿੰਘ ਧੀਮਾਨ ਦੇ ਘਰ ਪਹੁੰਚ ਕੇ ਉਹਨਾਂ ਦੀ ਪਤਨੀ ਅਮਰਜੀਤ ਕੌਰ ਦੇ ਦੇਹਾਂਤ ਉੱਤੇ ਆਪਣਾ ਦੁੱਖ ਪ੍ਰਗਟ ਕੀਤਾ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਹਰ ਗਲੀ, ਹਰ ਖੂੰਜੇ ਭ੍ਰਿਸ਼ਟਾਚਾਰ, ਹਾਲਾਤ ਨਵੇਂ ਮੁੱਖ ਮੰਤਰੀ ਦੇ ਲਈ ਸੁਖਾਵੇਂ ਨਹੀਂ



ਜਤਿੰਦਰ ਪੰਨੂ

ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਦੋਂ ਨਵੀਂ ਸਰਕਾਰ ਬਣੀ ਤਾਂ ਇਹ ਗੱਲ ਆਮ ਪੁੱਛੀ ਜਾਣ ਲੱਗ ਪਈ ਸੀ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਅਤੇ ਕਾਨੂੰਨ ਦਾ ਰਾਜ ਕਦੋਂ ਕੁ ਤੱਕ ਸਥਾਪਤ ਹੋ ਸਕੇਗਾ? ਭਗਵੰਤ ਮਾਨ ਜਦੋਂ ਕਾਮੇਡੀ ਕਰਦਾ ਹੁੰਦਾ ਸੀ ਅਤੇ ਉਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਰਾਜਨੀਤੀ ਦੇ ਰਾਹ ਪੈਣ ਬਾਰੇ ਸੋਚੇਗਾ, ਓਦੋਂ ਉਸ ਨੇ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਧਰਮਰਾਜ ਕਹਿੰਦਾ ਹੈ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਭਾਰਤ ਵਿੱਚ ਭ੍ਰਿਸ਼ਟਾਚਾਰ ਓਦੋਂ ਤੱਕ ਖਤਮ ਨਹੀਂ ਹੋ ਸਕਣਾ। ਅੱਜ ਭਗਵੰਤ ਮਾਨ ਦੇ ਮੁੱਖ ਮੰਤਰੀ ਬਣ ਜਾਣ ਨਾਲ ਏਨੇ ਹਾਲਾਤ ਨਹੀਂ ਬਦਲ ਗਏ ਕਿ ਰਾਤੋ-ਰਾਤ ਭ੍ਰਿਸ਼ਟਾਚਾਰ ਨੂੰ ਵੀ ਨੱਥ ਪੈ ਜਾਵੇਗੀ ਤੇ ਸਿਸਟਮ ਵਿੱਚ ਆਏ ਵਿਗਾੜਾਂ ਦਾ ਸੁਧਾਰ ਵੀ ਹਫਤਿਆਂ ਜਾਂ ਮਹੀਨਿਆਂ ਵਿੱਚ ਹੋ ਜਾਵੇਗਾ। ਇਹ ਕੰਮ ਏਨਾ ਸੌਖਾ ਨਹੀਂ। ਭਾਰਤ ਦੀ ਗੱਲ ਛੱਡੋ, ਪੰਜਾਬ ਦੀ ਹਰ ਗੁੱਠ ਵਿੱਚ ਏਨਾ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਕਿ ਪਿਛਲੀਆਂ ਧਾਰਨਾਵਾਂ ਬਦਲਣੀਆਂ ਪੈਣਗੀਆਂ। ਪਹਿਲਾਂ ਕਿਹਾ ਜਾਂਦਾ ਸੀ ਕਿ ਭ੍ਰਿਸ਼ਟਾਚਾਰ ਏਨਾ ਕੁ ਵੱਧ ਹੋ ਗਿਆ ਹੈ ਕਿ ਇੱਟ ਪੁੱਟਿਆਂ ਚੋਰ ਨਿਕਲਦਾ ਹੈ, ਪਰ ਕੁਝ ਚਿਰ ਪਿੱਛੋਂ ਸੁਣਿਆ ਜਾਣ ਲੱਗਾ ਕਿ ਇੱਟ ਪੁੱਟਣ ਦੀ ਵੀ ਲੋੜ ਨਹੀਂ, ਬਿਨਾਂ ਪੁੱਟੇ ਹੀ ਹਰ ਪਾਸੇ ਚੋਰ ਮਿਲ ਜਾਂਦੇ ਹਨ।

ਅਸੀਂ ਪਿਛਲੇ ਦਿਨਾਂ ਵਿੱਚ ਪੰਜਾਬ ਸਰਕਾਰ ਨਾਲ ਜੁੜੇ ਤੇ ਕੁਝ ਕੇਂਦਰ ਸਰਕਾਰ ਨਾਲ ਜੁੜੇ ਵਿਭਾਗਾਂ ਵਿੱਚ ਹੁੰਦੇ ਭ੍ਰਿਸ਼ਟਾਚਾਰ ਦੀਆਂ ਉਹ ਕਹਾਣੀਆਂ ਸੁਣੀਆਂ, ਜਿਹੜੀਆਂ ਦੱਸਦੀਆਂ ਹਨ ਕਿ ਏਥੇ ਦਾਲ ਵਿੱਚ ਕਾਲਾ ਨਹੀਂ, ਸਾਰੀ ਦਲ ਹੀ ਕਾਲੀ ਹੈ। ਕੋਈ ਪਾਸਾ ਬਚਿਆ ਹੀ ਨਹੀਂ ਤਾਂ ਗੱਲ ਸ਼ੁਰੂ ਕਿੱਥੋਂ ਕੀਤੀ ਜਾਵੇ, ਇਹੋ ਵੱਡਾ ਮਸਲਾ ਹੈ। ਛੋਟੇ ਬੱਚਿਆਂ ਨੂੰ ਨੇਕੀ ਦਾ ਰਾਹ ਦੱਸਣ ਲਈ ਜਿਹੜੇ ਅਧਿਆਪਕ ਵਰਗ ਦੇ ਸਿਰ ਜ਼ਿੰਮੇਵਾਰੀ ਹੁੰਦੀ ਹੈ, ਉਹ ਖੁਦ ਭ੍ਰਿਸ਼ਟਾਚਾਰ ਦੀ ਚੱਕੀ ਦੇ ਪੁੜਾਂ ਵਿੱਚ ਪਿਸ ਰਿਹਾ ਹੈ ਅਤੇ ਚੋਣਵੇਂ ਬੇਈਮਾਨ ਇਸ ਦਾ ਲਾਭ ਉਠਾ ਕੇ ਸਮੁੱਚੇ ਭਾਈਚਾਰੇ ਦੀ ਭੰਡੀ ਕਰਾਉਣ ਦਾ ਕਾਰਨ ਬਣਦੇ ਹਨ। ਚੰਡੀਗੜ੍ਹ ਤੋਂ ਚੱਲਦੀ ਪੰਜਾਬ ਯੂਨੀਵਰਸਿਟੀ ਦਾ ਕਿਸੇ ਸਮੇਂ ਬੜਾ ਵੱਡਾ ਨਾਂਅ ਹੁੰਦਾ ਸੀ, ਇਸ ਵੇਲੇ ਦੇ ਵਾਈਸ ਚਾਂਸਲਰ ਦੀ ਅਗਵਾਈ ਹੇਠ ਬਦਨਾਮੀ ਦਾ ਗੜ੍ਹ ਬਣੀ ਜਾ ਰਹੀ ਹੈ। ਜਿਹੜੇ ਬੰਦੇ ਸਹਾਇਕ ਪ੍ਰੋਫੈਸਰ ਲੱਗਣ ਦੇ ਲਾਇਕ ਅਜੇ ਨਹੀਂ ਸਨ ਹੋਏ, ਉਨ੍ਹਾਂ ਨੂੰ ਪ੍ਰੋਫੈਸਰ ਦਾ ਝੂਠਾ ਰੁਤਬਾ ਦੇ ਕੇ ਕਾਲਜਾਂ ਦੇ ਪ੍ਰਿੰਸੀਪਲ ਬਣਾ ਕੇ ਉਸ ਰਾਜ ਦੀ ਸਰਕਾਰ ਦੀਆਂ ਗਰਾਂਟਾਂ ਚੱਬਣ ਦਾ ਮੌਕਾ ਦਿੱਤਾ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਰੀ ਭਗਵੰਤ ਮਾਨ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਨੂੰ ਰੋਕਿਆ ਜਾਵੇਗਾ। ਇੱਕ ਏਦਾਂ ਦੇ ਹੇਰਾਫਰੀ ਨਾਲ ਬਣੇ ਪ੍ਰਿੰਸੀਪਲ ਦੀ ਸ਼ਿਕਾਇਤ ਹੋਈ ਤਾਂ ਉਸ ਦੀ ਤਨਖਾਹ ਰੋਕੀ ਗਈ, ਪਰ ਘਰ ਨੂੰ ਨਹੀਂ ਭੇਜਿਆ, ਕਿਉਂਕਿ ਇਹੋ ਜਿਹੀ ਕਾਰਵਾਈ ਪੰਜਾਬ ਸਰਕਾਰ ਕਰਨ ਜੋਗੀ ਨਹੀਂ, ਯੂਨੀਵਰਸਿਟੀ ਨੇ ਕਰਨੀ ਹੈ ਤੇ ਓਥੇ ਵਾਈਸ ਚਾਂਸਲਰ ਖੁਦ ਇਸ ਚੱਕਰ ਦਾ ਹਿੱਸਾ ਬਣਿਆ ਪਿਆ ਹੈ। ਮਾਲਵੇ ਦੇ ਇੱਕ ਕਾਲਜ ਦੀ ਪ੍ਰਿੰਸੀਪਲ ਬੀਬੀ ਬਾਰੇ ਸੁਣਿਆ ਹੈ ਕਿ ਉਸ ਨੇ ਆਪਣੀ ਯੋਗਤਾ ਵਿਖਾਉਣ ਲਈ ਕੁਝ ਕਿਤਾਬਾਂ ਆਪਣੇ ਨਾਂਅ ਨਾਲ ਛਪੀਆਂ ਪੇਸ਼ ਕੀਤੀਆਂ ਤਾਂ ਪਤਾ ਲੱਗਾ ਕਿ ਸਾਰੀਆਂ ਉਸ ਦੀਆਂ ਲਿਖੀਆਂ ਨਹੀਂ, ਬਿਗਾਨੀਆਂ ਆਪਣੇ ਨਾਂਅ ਛਪਵਾ ਕੇ ਫਰਾਡ ਕੀਤਾ ਹੈ। ਇਹੋ ਜਿਹੇ ਪ੍ਰਿੰਸੀਪਲ ਬੱਚਿਆਂ ਨੂੰ ਕੀ ਪੜ੍ਹਾਉਣਗੇ, ਇਸ ਬਾਰੇ ਕੋਈ ਓਦੋਂ ਸੋਚੇਗਾ, ਜਦੋਂ ਫਰਾਡ ਫੜਨੇ ਹੋਣ, ਜਦੋਂ ਫਰਾਡ ਯੂਨੀਵਰਸਿਟੀਆਂ ਵਿੱਚੋਂ ਹੁੰਦੇ ਪਏ ਹਨ ਤਾਂ ਕਿਸੇ ਨੇ ਰੋਕਣ ਲਈ ਕੁਝ ਕਰਨਾ



ਹੀ ਨਹੀਂ। ਇੱਕ ਯੂਨੀਵਰਸਿਟੀ ਦੇ ਯੋਗ ਵਾਈਸ ਚਾਂਸਲਰ ਨੇ ਆਪਣੇ ਹੇਠ ਚੱਲਦੇ ਕਾਲਜਾਂ ਦਾ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਕੁਝ ਕਾਲਜਾਂ ਵਿੱਚ ਨਾ ਪੂਰੇ ਅਧਿਆਪਕ ਤੇ ਨਾ ਪੂਰੇ ਵਿਦਿਆਰਥੀ ਹਨ। ਇੱਕ ਕਾਲਜ ਤਾਂ ਦੱਸੀ ਬਿਲਡਿੰਗ ਦੀ ਥਾਂ ਕਿਸੇ ਹੋਰ ਕਾਲਜ ਦੀ ਬਿਲਡਿੰਗ ਦੇ ਇੱਕ ਕਮਰੇ ਤੋਂ ਚੱਲੀ ਜਾ ਰਿਹਾ ਹੈ ਤੇ ਖੇਡਾਂ ਵਾਸਤੇ ਬਣਾਏ ਇੱਕ ਸਪੋਰਟਸ ਕਾਲਜ ਦੇ ਟਰੈਕ ਉੱਤੇ ਝਾੜੀਆਂ ਉੱਗ ਚੁੱਕੀਆਂ ਹਨ। ਕਾਨੂੰਨ ਪੜ੍ਹਾਉਣ ਵਾਲੇ ਇੱਕ ਕਾਲਜ ਨੇ ਹੋਰ ਕਮਾਲ ਕਰ ਦਿੱਤੀ ਕਿ ਲਾਅ ਦੀਆਂ ਕਲਾਸਾਂ ਨੂੰ ਉਹ ਨੌਜਵਾਨ ਪੜ੍ਹਾ ਰਿਹਾ ਸੀ, ਜਿਹੜਾ ਖੁਦ ਆਪਣੀ ਐੱਮ ਦੀ ਪੜ੍ਹਾਈ ਅਜੇ ਕਰਦਾ ਸੀ ਤੇ ਲਾਅ ਨਾਲ ਉਸ ਮੁੰਡੇ ਦਾ ਕੋਈ ਵਾਸਤਾ ਹੀ ਨਹੀਂ ਸੀ ਜਾਪਦਾ। ਇੱਕ ਹੋਰ ਕਾਲਜ ਵਿੱਚ ਕੁੜੀਆਂ ਦਾ ਹੋਸਟਲ ਬਣਾ ਕੇ ਬਾਹਰਲੇ ਮੁੰਡਿਆਂ ਲਈ

> ਭਗਵੰਤ ਮਾਨ ਜਦੋਂ ਕਾਮੇਡੀ ਕਰਦਾ ਹੁੰਦਾ ਸੀ ਅਤੇ ਉਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਰਾਜਨੀਤੀ ਦੇ ਰਾਹ ਪੈਣ ਬਾਰੇ ਸੋਚੇਗਾ, ਓਦੋਂ ਉਸ ਨੇ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਧਰਮਰਾਜ ਕਹਿੰਦਾ ਹੈ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਭਾਰਤ ਵਿੱਚ ਭ੍ਰਿਸ਼ਟਾਚਾਰ ਓਦੋਂ ਤੱਕ ਖਤਮ ਨਹੀਂ ਹੋ ਸਕਣਾ।

ਕਿਰਾਏ ਦਾ ਹੋਸਟਲ ਚਲਾਇਆ ਜਾ ਰਿਹਾ ਸੀ। ਏਡੇ ਵੱਡੇ ਫਰਾਡ ਹੋਈ ਜਾ ਰਹੇ ਹਨ ਪੰਜਾਬ ਵਿੱਚ।

ਪਟਿਆਲੇ ਵਿੱਚ ਰਹਿੰਦੇ ਸਾਬਕਾ ਫੌਜੀ ਅਫਸਰ ਕੈਪਟਨ ਮਾਟਾ ਨੇ ਐਕਸਾਈਜ਼ ਵਿਭਾਗ ਦਾ ਇੱਕ ਸਕੈਂਡਲ ਫੜ ਲਿਆ। ਉਹ ਇਹ ਕਹਿੰਦੇ ਹਨ ਕਿ ਸਕੈਂਡਲ ਇਕਤਾਲੀ ਹਜ਼ਾਰ ਕਰੋੜ ਰੁਪਏ ਬਣਦਾ ਹੈ। ਇਸ ਦੀ ਕੋਈ ਚਰਚਾ ਨਹੀਂ ਚੱਲਦੀ ਤੇ ਜਿਹੜੇ ਅਫਸਰ ਪੰਜਾਬ ਸਰਕਾਰ ਵਿਰੁੱਧ ਇਕਤਾਲੀ ਹਜ਼ਾਰ ਕਰੋੜ ਰੁਪਏ ਵਰਗਾ ਸਕੈਂਡਲ ਕਰਨ ਦੇ ਦੋਸ਼ੀ ਸਮਝੇ ਜਾਂਦੇ ਹਨ, ਪਿਛਲੀਆਂ ਦੋ ਸਰਕਾਰਾਂ ਦੇ ਵਕਤ ਵੀ ਪਹਿਲੀ ਪਾਲ ਦੇ ਜੀਅ-ਹਜ਼ੂਰੀਆਂ ਵਿੱਚ ਹੁੰਦੇ ਸਨ ਅਤੇ ਅੱਜ ਵਾਲੀ ਸਰਕਾਰ ਦੇ ਜੀਅ-ਹਜ਼ੂਰੀਆਂ ਵਿੱਚ ਨਾ ਸਹੀ, ਵੱਡੀਆਂ ਕੁਰਸੀਆਂ ਉੱਤੇ ਕਾਇਮ ਹਨ। ਕਾਰਨ ਇਹ ਹੈ ਕਿ ਉਨ੍ਹਾਂ ਵਿਰੁੱਧ ਕੇਸ ਜਦ ਤੱਕ ਕਿਸੇ ਪਾਸੇ ਨਹੀਂ ਲੱਗਦਾ, ਕੋਈ ਵੀ ਸਰਕਾਰ ਉਨ੍ਹਾਂ ਨੂੰ ਖੂੰਜੇ ਨਹੀਂ ਲਾ ਸਕਦੀ ਤੇ ਅਫਸਰ ਹੋਣ ਕਰ ਕੇ ਕਿਸੇ ਨਾ ਕਿਸੇ ਸੀਟ ਲਈ ਉਨ੍ਹਾਂ ਦੀ ਨਿਯੁਕਤੀ ਨਿਯਮਾਂ ਅਨੁਸਾਰ ਕਰਨੀ ਹੀ ਪੈਣੀ ਹੈ। ਏਦਾਂ ਦੇ ਅਫਸਰ ਆਪੋ ਵਿੱਚ ਅੱਖ ਮਿਲੀ ਹੋਣ ਕਾਰਨ ਇੱਕ ਦੂਸਰੇ ਦੀ ਢਾਲ ਵੀ ਬਣਦੇ ਹਨ, ਕੋਈ ਪੜਤਾਲ ਚੱਲਣ ਲੱਗੇ ਤਾਂ ਅਗੇਤੇ ਸੁਨੇਹੇ ਵੀ ਭੇਜਦੇ ਹਨ ਅਤੇ ਨਾਲ ਇਹ ਵੀ ਦੱਸਣ ਤੋਂ ਨਹੀਂ ਰਹਿੰਦੇ ਕਿ ਫਲਾਣਾ ਬੰਦਾ ਆਪਣਾ ਹੈ ਅਤੇ ਜਾਂਚ ਦੌਰਾਨ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਨ ਵਿੱਚ ਉਸ ਨੂੰ ਖੁਸ਼ੀ ਹੋਵੇਗੀ। ਇਹ ਵੀ ਇੱਕ ਦੂਸਰੇ ਦੀ ਸਾਂਝ ਦਾ ਸ਼ਗਨ ਹੁੰਦਾ ਹੈ।

ਸਾਡੇ ਕੋਲ ਇੱਕ ਕੇਸ ਆਇਆ ਹੈ, ਜਿਸ ਵਿੱਚ ਸੰਬੰਧਤ ਵਿਅਕਤੀ ਦੱਸਦਾ ਹੈ ਕਿ ਉਸ ਨੇ ਰੇਤ ਦੀ ਨਾਜਾਇਜ਼ ਖੁਦਾਈ ਦੀ ਸ਼ਿਕਾਇਤ ਕੀਤੀ ਤਾਂ ਇਹ ਮੁੱਦਾ ਉਸ ਜ਼ਿਲੇ ਦੇ ਦੋ ਵੱਡੇ ਅਫਸਰ ਕੋਲ ਭੇਜ ਦਿੱਤਾ ਗਿਆ। ਅਫਸਰ ਬਹੁਤ ਚੰਗੇ ਸਮਝੇ ਜਾਂਦੇ ਹਨ, ਪਰ ਉਸ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਨਾਜਾਇਜ਼ ਮਾਈਨਿੰਗ ਕਰਨ ਵਾਲੇ ਦੋਸ਼ੀ ਤਾਂ ਓਥੇ ਬੈਠੇ ਹੋਏ ਮੁੱਛਾਂ ਨੂੰ ਤਾਅ ਦੇਈ ਜਾਂਦੇ ਸਨ ਅਤੇ ਉਸ ਵਿਚਾਰੇ ਨੂੰ ਦੋਵੇਂ ਵੱਡੇ ਅਫਸਰ ਪੁਆੜੇ ਦੀ ਜੜ੍ਹ ਦੱਸ ਕੇ ਧਮਕੀ ਦੇਣ ਲੱਗੇ ਰਹੇ ਸਨ ਕਿ 'ਬੰਦਾ ਬਣ ਕੇ ਦਿਨ ਕੱਟ, ਵਰਨਾ ਉਹ ਹਾਲ ਕਰਾਂਗੇ ਕਿ ਯਾਦ ਰੱਖੇਂਗਾ।' ਵਿਚਾਰਾ ਕਈ ਪੱਧਰਾਂ ਤੱਕ ਪਹੁੰਚ ਕਰ ਚੁੱਕਾ ਹੈ, ਮੁੱਖ ਮੰਤਰੀ ਕੋਲ ਵੀ ਚਲਾ ਜਾਵੇ ਤਾਂ ਮੁੱਖ ਮੰਤਰੀ ਹਰ ਕੰਮ ਵਿੱਚ ਖੁਦ ਦਖਲ ਦੇਣ ਵਾਸਤੇ ਨਹੀਂ ਜਾ ਸਕਦਾ, ਅਕਸਰ ਤਾਂ ਅਫਸਰਾਂ ਕੋਲੋਂ ਕੰਮ ਕਰਾਵੇਗਾ ਤੇ ਅਫਸਰਾਂ ਦਾ ਇਹ ਹਾਲ ਹੈ। ਫਿਰ ਪੰਜਾਬ ਅੰਦਰ ਹਰ ਖੂੰਜੇ ਵਿੱਚ ਪਿਆ ਗੰਦ ਸਾਫ ਕਿਵੇਂ ਹੋ ਸਕੇਗਾ, ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਇਸ ਹਫਤੇ ਸਾਨੂੰ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਦੇ ਚਾਰ ਸਬ ਇੰਸਪੈਕਟਰ ਫਿਰੌਤੀ ਲਈ ਬੰਦਾ ਅਗਵਾ ਕਰਨ ਦੇ ਦੋਸ਼ ਵਿੱਚ ਫੜੇ ਜਾਣ ਦੀ ਖਬਰ ਮਿਲੀ ਹੈ ਅਤੇ ਇਹ ਸਭ ਕੁਝ ਚੰਡੀਗੜ੍ਹ ਵਿੱਚ ਵਾਪਰਿਆ ਹੈ। ਜਾਂਚ ਏਜੰਸੀ ਸੀ ਬੀ ਆਈ ਭ੍ਰਿਸ਼ਟਾਚਾਰ ਦੇ ਵਿਰੁੱਧ ਕਾਰਵਾਈ ਲਈ ਭਾਰਤ ਦੀ ਸਭ ਤੋਂ ਵੱਡੀ ਏਜੰਸੀ ਮੰਨੀ ਜਾਂਦੀ ਹੈ, ਪਰ ਉਸ ਦੇ ਚਾਰ ਅਫਸਰ ਫਿਰੌਤੀਆਂ ਲਈ ਅਗਵਾ ਦੇ ਕੇਸ ਵਿੱਚ ਫਸ ਜਾਣ ਤਾਂ ਹਰ ਕੋਈ ਹੈਰਾਨ ਹੋਵੇਗਾ। ਹਿੰਦੀ ਦੇ ਵਿਅੰਗ ਕਵੀ ਸੁਰਿੰਦਰ ਸ਼ਰਮਾ ਨੇ ਇੱਕ ਵਾਰ ਵਿਅੰਗ ਕੀਤਾ ਸੀ ਕਿ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਉਸ ਵਿੱਚ ਵੀ ਕੀੜੇ ਪੈ ਗਏ ਤੇ ਚੰਡੀਗੜ੍ਹ ਵਿੱਚ ਇਹੋ ਜਿਹੇ ਚਾਰ ਅਫਸਰ, ਜਿਨ੍ਹਾਂ ਨੇ ਅਪਰਾਧ ਰੋਕਣੇ ਸਨ, ਫੜੇ ਜਾਣ ਵਾਲੀ ਗੱਲ ਸੁਣ ਕੇ ਸਾਨੂੰ ਇਹ ਮੰਨਣਾ ਪੈ ਗਿਆ ਕਿ ਕੀੜਿਆਂ ਨੂੰ ਮਾਰਨ ਵਾਲੀ ਦਵਾਈ ਵਿੱਚ ਵੀ ਕੀੜੇ ਪੈ ਸਕਦੇ ਹਨ। ਇਹ ਹਾਲਤ ਸਿਰਫ ਇੱਕ ਏਜੰਸੀ, ਇੱਕ ਯੂਨੀਵਰਸਿਟੀ ਜਾਂ ਇੱਕ ਵਿਭਾਗ ਦੀ ਨਹੀਂ, ਭਾਰਤ ਤੇ ਪੰਜਾਬ ਦੀ ਹਰ ਗਲੀ ਵਿੱਚ ਚੋਰ ਫਿਰਦੇ ਮਿਲ ਜਾਣਗੇ। ਚੋਰਾਂ ਦੀ ਆਪਸੀ ਸਾਂਝ ਹਰ ਥਾਂ ਇੱਕੋ ਜਿਹੀ ਹੈ ਤੇ ਇੱਕ ਦੂਸਰੇ ਨੂੰ ਬਚਾਉਣ ਲਈ ਮੌਕੇ ਦੇ ਮੁੱਖ ਮੰਤਰੀ ਤੱਕ ਨੂੰ ਠਿੱਬੀ ਲਾਉਣ ਵਿੱਚ ਵੀ ਗੁਰੇਜ਼ ਨਹੀਂ ਕਰਨਗੇ, ਇਸ ਲਈ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਲਈ ਵੀ ਹਾਲਾਤ ਸੁਖਾਵੇਂ ਨਹੀਂ।

ਇਸ ਹਾਲਤ ਵਿੱਚ ਕੀਤਾ ਕੀ ਜਾਵੇ? ਇਹੋ ਕਿ ਜਿਨ੍ਹਾਂ ਕੋਲ ਸਿਰੜ ਵੀ ਹੈ, ਸਬਰ ਵੀ ਅਤੇ ਕੁਝ ਕਰਨ ਦੀ ਨੇਕ ਭਾਵਨਾ ਵੀ, ਉਹ ਹੱਠ ਨਾ ਛੱਡਣ ਅਤੇ ਉਸ ਕੰਮ ਵਿੱਚ ਲੱਗੇ ਰਹਿਣ, ਜਿਸ ਨੂੰ ਮਨ ਠੀਕ ਮੰਨਦਾ ਹੈ।

# ਰੂਸੀ ਹਮਲੇ ਕਾਰਨ ਫੂਡ ਦੀ ਘਾਟ ਵਿਸ਼ਵਵਿਆਪੀ ਭੁਖਮਰੀ ਵਧੀ





ਸੁਰਜੀਤ ਸਿੰਘ ਫਲੋਰਾ

ਦੁਨੀਆਂ ਦਾ ਧਿਆਨ ਹਾਲ ਹੀ ਵਿਚ ਰੂਸੀ ਤੇਲ ਅਤੇ ਗੈਸ 'ਤੇ ਉਸ ਦੀਆਂ ਵੱਧ ਰਹੀਆਂ ਕੀਮਤਾਂ ਉਹਨਾਂ ਦੇ ਮਨਾ ਨੂੰ ਅੰਦਰ ਹੀ ਅੰਦਰ ਖਾਈ ਜਾ ਰਿਹਾ ਸੀ। ਪਰ ਇਕ ਹੋਰ ਜੋ ਵਿਸ਼ਵ ਪੱਧਰ 'ਤੇ ਆਪਸ ਵਿੱਚ ਜੁੜੇ ਊਰਜਾ ਕਾਰੋਬਾਰ ਨੂੰ ਝਟਕਿਆਂ ਤੋਂ ਪਰੇ, ਇੱਕ ਹੋਰ ਘਾਤਕ ਘਾਟਾ ਪੈਦਾ ਹੋ ਰਿਹਾ ਹੈ ਉਹ ਹੈ ਭੋਜਨ ਦੀ ਕਮੀ।

ਖੁਰਾਕ ਸੰਕਟ 'ਤੇ ਸੰਯੁਕਤ ਰਾਸ਼ਟਰ ਦੀ ਗਲੋਬਲ ਰਿਪੋਰਟ ਮੌਜੂਦਾ ਵਿਕਾਸ ਮਾਡਲ 'ਤੇ ਸਵਾਲ ਅਤੇ ਚਿੰਤਾਵਾਂ ਪੈਦਾ ਕਰਦੀ ਹੈ। ਰਿਪੋਰਟ ਮੁਤਾਬਕ 2021 ਦੌਰਾਨ 53 ਦੇਸ਼ਾਂ ਦੇ ਲਗਭਗ 19.3 ਕਰੋੜ ਲੋਕ ਪੇਟ ਭਰਨ ਲਈ ਲੋੜੀਂਦੇ ਭੋਜਨ ਤੋਂ ਬਿਨਾਂ ਸੌਣ ਲਈ ਮਜ਼ਬੂਰ ਹੋਏ ਹਨ।

ਜਦੋਂ ਕਿ "ਯੂਕਰੇਨ 'ਤੇ ਰੂਸ ਦਾ ਹਮਲਾ ਵਿਸ਼ਵ ਭੋਜਨ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ," ਅੰਤਰਰਾਸ਼ਟਰੀ ਭਾਈਵਾਲੀ ਲਈ ਯੂਰਪੀਅਨ ਕਮਿਸ਼ਨ ਦੇ ਕਮਿਸ਼ਨਰ ਜੁਟਾ ਉਰਪਿਲੇਨੇਨ ਨੇ ਕਿਹਾ। ਇਤਿਹਾਸ ਦੀ ਸਭ ਤੋਂ ਹੈਰਾਨ ਕਰਨ ਵਾਲੀ ਭੋਜਨ ਤਬਾਹੀ ਦੇ ਨਾਲ-ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਉਥਲ-ਪੁਥਲ ਤੋਂ ਬਚਣ ਲਈ, ਵਿਸ਼ਵ ਭਾਈਚਾਰੇ ਨੂੰ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਯੂਰਪੀਅਨ ਯੂਨੀਅਨ ਜੰਗ, ਜਲਵਾਯੂ ਤਬਦੀਲੀ, ਗਰੀਬੀ, ਅਤੇ ਅਸਮਾਨਤਾ ਸਮੇਤ ਭੋਜਨ ਦੀ ਅਸੁਰੱਖਿਆ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਕਾਰਕਾਂ ਨੂੰ ਹੱਲ ਕਰਨ ਲਈ ਸਮਰਪਿਤ ਹੈ। ਭਾਵੇਂ ਕਿ ਜਾਨਾਂ ਬਚਾਉਣ ਅਤੇ ਅਕਾਲ ਤੋਂ ਬਚਣ ਲਈ ਤੁਰੰਤ ਸਹਾਇਤਾ ਦੀ ਲੋੜ ਹੈ, ਸਾਨੂੰ ਗ੍ਰੀਨ ਡੀਲ ਅਤੇ ਗਲੋਬਲ ਗੇਟਵੇ ਦੀ ਪੂਰੀ ਸਮਰੱਥਾ ਦੀ ਵਰਤੋਂ ਕਰਕੇ ਟਿਕਾਊ ਖੇਤੀ-ਭੋਜਨ ਪ੍ਰਣਾਲੀਆਂ ਅਤੇ ਲਚਕੀਲੇ ਸਪਲਾਈ ਚੇਨਾਂ ਵਿੱਚ ਤਬਦੀਲੀ ਵਿੱਚ ਭਾਈਵਾਲ ਦੇਸ਼ਾਂ ਦਾ ਸਮਰਥਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ।"

ਇਹ ਚਿੰਤਾਜਨਕ ਵੀ ਹੈ ਕਿਉਂਕਿ ਪਿਛਲੇ ਇੱਕ ਸਾਲ ਵਿੱਚ ਹੀ ਭੁੱਖ ਹੜਤਾਲ ਕਰਨ ਵਾਲਿਆਂ ਦੀ ਗਿਣਤੀ ਵਿੱਚ 4 ਕਰੋੜ ਦਾ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਨ ਜੰਗਾਂ, ਅੰਦਰੂਨੀ ਟਕਰਾਅ, ਜਲਵਾਯੂ ਤਬਦੀਲੀ ਅਤੇ ਕੋਵਿਡ-19 ਕਾਰਨ ਰੁਜ਼ਗਾਰ ਦੇ ਮੌਕੇ ਘਟਣਾ ਮੰਨਿਆ ਜਾ ਰਿਹਾ ਹੈ। ਖੇਤੀਬਾੜੀ ਅਤੇ ਭੋਜਨ ਵਿੱਚ ਨਿਵੇਸ਼ ਲੰਬੇ ਸਮੇਂ ਤੋਂ ਘਟ ਰਿਹਾ ਹੈ। ਸੰਸਾਰ ਤਕਨੀਕੀ ਅਤੇ ਹੋਰ ਕਈ ਤਰੀਕਿਆਂ ਨਾਲ ਅੱਗੇ ਵਧਦਾ ਜਾਪਦਾ ਹੈ, ਪਰ ਭੁੱਖਮਰੀ ਵਿੱਚ ਵਾਧਾ ਅਜੇ ਵੀ ਇਸ ਵਿਕਾਸ ਵਿੱਚ ਬੁਨਿਆਦੀ ਖਾਮੀਆਂ ਨੂੰ ਦਰਸਾਉਂਦਾ ਹੈ।

ਰਿਪੋਰਟ ਦੇ ਨਤੀਜਿਆਂ ਵਿੱਚ, ਸਭ ਤੋਂ ਵੱਧ ਭੋਜਨ-ਅਸੁਰੱਖਿਅਤ ਲੋਕ ਉਨ੍ਹਾਂ ਦੇਸ਼ਾਂ ਵਿੱਚ ਪਾਏ ਗਏ ਜੋ ਲੰਬੀਆਂ ਲੜਾਈਆਂ ਵਿੱਚ ਉਲਝੇ ਹੋਏ ਹਨ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਕਾਂਗੋ ਲੋਕਤੰਤਰੀ ਗਣਰਾਜ (ਧ੍ਰਛ), ਇਥੋਪੀਆ, ਨਾਈਜੀਰੀਆ, ਦੱਖਣੀ ਸੂਡਾਨ, ਸੀਰੀਆ ਅਤੇ ਯਮਨ ਸ਼ਾਮਲ ਹਨ।

ਨਾਲ ਹੀ, ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ ਸੋਮਾਲੀਆ 2022 ਵਿੱਚ ਆਪਣੇ ਸਭ ਤੋਂ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰੇਗਾ। ਮੁੱਖ ਕਾਰਨ ਸੋਕਾ, ਭੋਜਨ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਜਾਰੀ ਹਿੰਸਾ ਹਨ। ਵਰਲਡ ਫੂਡ ਪ੍ਰੋਗਰਾਮ ਦੇ ਮੁੱਖ ਅਰਥ ਸ਼ਾਸਤਰੀ, ਆਰਿਫ ਹੁਸੈਨ ਦਾ ਕਹਿਣਾ ਹੈ ਕਿ ਰੂਸ-ਯੂਕਰੇਨ ਯੁੱਧ ਕਾਰਨ ਭੋਜਨ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ ਮਹਿੰਗਾਈ ਵਧਣ ਦੀ ਸੰਭਾਵਨਾ ਹੈ ਅਤੇ ਹੋਰ 47 ਮਿਲੀਅਨ ਲੋਕ ਭੁੱਖੇ ਮਰ ਸਕਦੇ ਹਨ। ਰੂਸ-ਯੂਕਰੇਨੀ ਯੁੱਧ ਤੋਂ ਪਹਿਲਾਂ ਵੀ, ਜਦੋਂ ਵਿਸ਼ਵ ਕੋਵਿਡ -19 ਮਹਾਂਮਾਰੀ ਤੋਂ ਉਭਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਭੋਜਨ ਦੀਆਂ ਕੀਮਤਾਂ ਦਸ ਸਾਲ ਪਹਿਲਾਂ ਨਾਲੋਂ ਵੱਧ ਸਨ, ਅਤੇ ਤੇਲ ਦੀਆਂ ਕੀਮਤਾਂ ਪਿਛਲੇ ਸੱਤ ਸਾਲਾਂ ਨਾਲੋਂ ਵੱਧ ਹਨ। ਜੰਗ ਦਾ ਮੌਜੂਦਾ ਸੰਕਟ ਅੱਗ ਵਿੱਚ ਤੇਲ ਪਾਉਣ ਵਾਲਾ ਕੰਮ ਕਰ ਰਿਹਾ ਹੈ। ਯੂਕਰੇਨ ਖੁਦ ਭੋਜਨ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਇਸ ਤੋਂ ਇਲਾਵਾ, ਕੋਵਿਡ-19 ਦੇ ਪ੍ਰਭਾਵ ਨਾਲ ਵਿਗੜ ਗਏ ਆਰਥਿਕ "ਝਟਕਿਆਂ" ਨੇ 21 ਦੇਸ਼ਾਂ ਵਿੱਚ 30.2 ਮਿਲੀਅਨ ਲੋਕਾਂ ਨੂੰ ਮਾਰਿਆ। ਅੱਠ ਅਫ਼ਰੀਕੀ ਦੇਸ਼ਾਂ ਵਿੱਚ, 23.5 ਮਿਲੀਅਨ ਲੋਕਾਂ ਲਈ ਅਤਿਅੰਤ ਮੌਸਮ ਗੰਭੀਰ ਭੋਜਨ ਅਸੁਰੱਖਿਆ ਦਾ ਮੁੱਖ ਚਾਲਕ ਸੀ।

ਭੋਜਨ ਸੰਕਟ ਦੇ ਸੰਕਟਕਾਲੀ ਜਵਾਬ ਲਈ ਫੰਡ 2017 ਦੇ ਮੁਕਾਬਲੇ 2021 ਵਿੱਚ 25 ਪ੍ਰਤੀਸ਼ਤ ਘਟ ਕੇ 8 ਬਿਲੀਅਨ ਰਹਿ ਗਿਆ। ਸੰਯੁਕਤ ਰਾਸ਼ਟਰ ਨੇ ਖੇਤੀਬਾੜੀ ਅਤੇ ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ 1.5 ਬਿਲੀਅਨ ਨਿਵੇਸ਼ ਦੀ ਮੰਗ ਕੀਤੀ ਹੈ।

ਰਿਪੋਰਟ ਵਿੱਚ ਜੀ-7 ਅਤੇ ਜੀ-20 ਦੇ ਅਮੀਰ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਸਮਾਂ ਖ਼ਤਮ ਹੋ ਰਿਹਾ ਹੈ। ਜੇਕਰ ਇਸ ਸੰਕਟ ਦਾ ਸਹੀ ਢੰਗ ਨਾਲ ਹੱਲ ਨਾ ਕੀਤਾ ਗਿਆ ਤਾਂ ਕੁਝ ਹੀ ਸਾਲਾਂ ਵਿੱਚ ਇਸ ਦੀ ਕੀਮਤ ਹਜ਼ਾਰਾਂ ਗੁਣਾ ਵੱਧ ਜਾਵੇਗੀ। ਇਸ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਕਿਸਾਨੀ ਅਤੇ ਖੇਤੀ ਦਾ ਸੰਕਟ ਸਿਰਫ਼ ਇੱਕ ਵਰਗ ਦਾ ਸੰਕਟ ਨਹੀਂ ਹੈ, ਸਗੋਂ ਸਮੁੱਚੀ ਮਨੁੱਖਤਾ ਦਾ ਸੰਕਟ ਬਣ ਕੇ ਉੱਭਰ ਰਿਹਾ ਹੈ। ਜੇਕਰ ਦੁਨੀਆਂ ਦਾ ਵੱਡਾ ਹਿੱਸਾ ਭੁੱਖਾ ਮਰ ਰਿਹਾ ਹੈ ਅਤੇ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਤੋਂ ਵਾਂਝਾ ਹੈ ਤਾਂ ਜੋ ਵਿਕਾਸ ਹੋ ਰਿਹਾ ਹੈ, ਉਸ ਨੂੰ ਮਾਣ ਵਾਲੀ ਗੱਲ ਨਹੀਂ ਕਹੀ ਜਾ ਸਕਦੀ। ਦੁਨੀਆ ਭਰ ਦੀਆਂ ਸਰਕਾਰਾਂ, ਖਾਸ ਕਰਕੇ ਅਮੀਰਾਂ ਨੂੰ ਇਸ ਸੰਕਟ ਤੋਂ ਸੁਚੇਤ ਹੋਣ ਦੀ ਲੋੜ ਹੈ।

ਯੂਕਰੇਨ ਵਿੱਚ ਰੂਸ ਦੇ ਯੁੱਧ ਦੇ ਨਤੀਜੇ ਵਜੋਂ ਸੰਘਰਸ਼ ਦੇ ਨਤੀਜੇ ਵਜੋਂ ਦਹਾਕਿਆਂ ਵਿੱਚ ਸਭ ਤੋਂ ਵੱਡੇ ਭੋਜਨ ਸੰਕਟ ਵਿੱਚੋਂ ਇੱਕ ਹੋ ਸਕਦਾ ਹੈ। ਇਸ ਦੇ ਨਤੀਜੇ ਵਜੋਂ ਸੰਸਾਰ ਵਿੱਚ ਵਾਪਰ ਰਹੇ ਮਨੁੱਖੀ ਦੁੱਖਾਂ ਨੂੰ ਰੋਕਣ ਅਤੇ ਘਟਾਉਣ ਲਈ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਫਿਰ ਵੀ, ਵਿਆਪਕ ਸੰਦੇਸ਼ ਸਪੱਸ਼ਟ ਹੈ: ਭਵਿੱਖ ਦੀਆਂ ਤਬਾਹੀਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ, ਵਿਸ਼ਵ ਨੂੰ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਵਿੱਚ ਲੋੜੀਂਦੇ ਲੰਬੇ ਸਮੇਂ ਦੇ ਨਿਵੇਸ਼ ਕਰਨੇ ਚਾਹੀਦੇ ਹਨ ਤਾਂ ਜੋ ਇਹ ਗਰੰਟੀ ਦਿੱਤੀ ਜਾ ਸਕੇ ਕਿ ਉਹ ਸਾਰੇ ਲੋਕਾਂ ਲਈ ਸਿਹਤਮੰਦ ਭੋਜਨ ਪੈਦਾ ਕਰਨ ਦੇ ਯੋਗ ਹਨ। ਟਿਕਾਊ ਢੰਗ ਵਰਤੇ ਜਾਣੇ ਚਾਹਿੰਦੇ ਹਨ।

ਯੂਕਰੇਨ ਦੀ ਉਪਜਾਊ ਮਿੱਟੀ ਨੇ ਇਸਨੂੰ "ਯੂਰਪ ਦੀ ਰੋਟੀ ਦੀ ਟੋਕਰੀ" ਦਾ ਸਹੀ ਨਾਮ ਦਿੱਤਾ ਹੈ। ਇਸੇ ਤਰ੍ਹਾਂ, ਰੂਸ ਫਸਲੀ ਖਾਦਾਂ ਦਾ ਦੁਨੀਆ ਦਾ ਸਭ ਤੋਂ ਵੱਡਾ ਨਿਰਯਾਤਕ ਹੈ। ਸੰਯੁਕਤ ਰਾਸ਼ਟਰ ਦੇ ਅਨੁਸਾਰ, ਰੂਸ ਅਤੇ ਯੂਕਰੇਨ ਦੋਵੇਂ ਵਿਸ਼ਵ ਵਿੱਚ ਕਣਕ ਦੇ ਤੀਜੇ ਅਤੇ ਅੱਠਵੇਂ ਸਭ ਤੋਂ ਵੱਡੇ ਉਤਪਾਦਕ ਹਨ। ਇਹਨਾਂ ਜੰਗੀ ਨਿਰਯਾਤ ਅਰਥਚਾਰਿਆਂ ਦੇ ਢਹਿ-ਢੇਰੀ ਹੋਣ ਨਾਲ ਦੁਨੀਆ ਭਰ ਵਿੱਚ ਕਾਲ, ਭੂ-ਰਾਜਨੀਤਿਕ ਸਥਿਰਤਾ ਅਤੇ ਗਰੀਬੀ ਪੈਦਾ ਹੋ ਸਕਦੀ ਹੈ।

ਇਸ ਲਈ ਸਾਨੂੰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਾਰਸ਼ਲ ਪਲਾਨ ਦੇ ਸਮਾਨ ਵਿਸ਼ਾਲਤਾ ਦੇ ਅੰਤਰ-ਸਰਹੱਦ ਵਪਾਰ ਲਈ ਇੱਕ ਕਾਰਜ ਯੋਜਨਾ ਦੀ ਲੋੜ ਹੈ।

ਸਰਕਾਰਾਂ ਨੂੰ ਇਹ ਯਕੀਨੀ ਬਣਾਉਣ 'ਤੇ ਆਪਣੀ ਊਰਜਾ ਕੇਂਦਰਿਤ ਕਰਨ ਦੀ ਲੋੜ ਹੈ ਕਿ ਵਸਤੂਆਂ ਦਾ ਵਪਾਰ ਅਤੇ ਸੰਸਾਰ ਭਰ ਵਿੱਚ ਲਿਜਾਇਆ ਜਾ ਸਕੇ। ਇਸਦੇ ਲਈ, ਉਹਨਾਂ ਨੂੰ ਕਲਾਉਡ ਕੰਪਿਊਟਿੰਗ ਤੋਂ ਲੈ ਕੇ ਇੰਟਰਨੈਟ ਆਫ ਥਿੰਗਸ ਇਨਫਰਾਸਟ੍ਰਕਚਰ ਤੱਕ, ਛੋਟੇ ਅਤੇ ਮੱਧਮ ਆਕਾਰ ਦੇ ਉੱਦਮੀਆਂ ਨੂੰ ਕਈ ਤਰ੍ਹਾਂ ਦੇ ਡਿਜੀਟਲ ਸਾਧਨਾਂ ਨਾਲ ਲੈਸ ਕਰਨ ਦੀ ਲੋੜ ਹੈ, ਤਾਂ ਜੋ ਉਹ ਬੈਂਕਾਂ ਨੂੰ ਨਿਰਯਾਤ ਸੁਰੱਖਿਅਤ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕਣ।

ਯੂਕਰੇਨੀ ਖੇਤੀ ਉਦਯੋਗ ਦਾ ਰਾਤੋ-ਰਾਤ ਤਬਾਹੀ, ਨਾ ਪੂਰਣਯੋਗ ਮਨੁੱਖੀ ਅਤੇ ਬੁਨਿਆਦੀ ਢਾਂਚੇ ਦੇ ਨੁਕਸਾਨ ਦੇ ਨਾਲ, ਯੂਰਪ ਦੀ ਸਭ ਤੋਂ ਵੱਡੀ ਖੇਤੀਬਾੜੀ ਅਰਥਵਿਵਸਥਾ ਨੂੰ ਇਸਦੇ ਗੋਡਿਆਂ ਦੇ ਭਾਰ ਸੁਟ ਸਕਦੀ ਹੈ। ਵੋਲੋਦੀਮੀਰ ਜ਼ੇਲੈਂਸਕੀ ਦੇ ਆਰਥਿਕ ਸਲਾਹਕਾਰ ਓਲੇਗ ਉਸਟੇਨਕੋ, ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਯੂਕਰੇਨੀ ਕਿਸਾਨਾਂ ਲਈ ਇਸ ਸਾਲ ਇੱਕ ਹੋਰ ਬੀਜ ਬੀਜਣਾ ਅਸੰਭਵ ਹੋਵੇਗਾ, ਕਿਉਂਕਿ ਰੇਲਵੇ ਅਤੇ ਗੋਦਾਮ ਦੋਵੇਂ ਹੀ ਕਰਾਸਫਾਇਰ ਵਿੱਚ ਨਸਟ ਹੋ ਚੁਕੇ ਹਨ। ਜਿਸ ਲਈ ਵਿਸ਼ਵ ਸੰਸਥਾਵਾਂ ਨੂੰ ਮਿਲ ਕੇ ਕੁਝ ਨਾ ਕੁਝ ਕਰਨ ਦੀ ਲੋੜ ਹੈ।

# ਸਰਕਾਰ ਪਹਿਲ ਦੇ ਆਧਾਰ 'ਤੇ ਪਹਿਲਾਂ ਸਰਕਾਰੀ ਜ਼ਮੀਨਾਂ ਤੇ ਰੁੱਖ ਲਗਵਾਏ

-ਬਲਤੇਜ ਸੰਧੂ-



ਪੰਜਾਬ ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਤੋਂ ਨਜਾਇਜ਼ ਕਬਜੇ ਛੁਡਵਾਉਣ ਦਾ ਵਧੀਆ ਫੈਸਲਾ ਕੀਤਾ ਗਿਆ ਹੈ। ਜਿਸ ਨਾਲ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਏਗਾ। ਅਤੇ ਹੁਣ ਤੱਕ ਕੁੱਝ ਲੋਕਾਂ ਵੱਲੋਂ ਰਸੂਖਦਾਰਾਂ ਨਾਲ ਮਿਲ ਕੇ ਲੰਮੇ ਸਮੇਂ ਤੋਂ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਸੀ। ਸਰਕਾਰ ਦੇ ਇਸ ਕੰਮ ਦੀ ਸਲਾਘਾ ਕਰਨੀ ਵੀ ਬਣਦੀ ਹੈ।ਨਾਲ ਹੀ ਨਾਲ ਸਰਕਾਰ ਨੂੰ ਅਪੀਲ ਵੀ ਹੈ ਕਿ ਦਿਨੋਂ ਦਿਨ ਧਰਤੀ ਤੋਂ ਰੁੱਖਾਂ ਦੀ ਕਟਾਈ ਵੱਧਦੀ ਜਾ ਰਹੀ ਹੈ ਪਰ ਰੁੱਖ ਲਗਾਉਣ ਦੀ ਗਤੀ ਨਾ ਮਾਤਰ ਹੀ ਹੈ ਸੋ ਨਵੀ ਬਣੀ ਸਰਕਾਰ ਨੂੰ ਅਪੀਲ ਹੈ ਕਿ ਜਿਸ ਜ਼ਮੀਨ ਤੋਂ ਨਜਾਇਜ਼ ਕਬਜ਼ੇ ਛੁਡਵਾਏ ਜਾ ਰਹੇ ਹਨ ਉਨ੍ਹਾਂ ਤੇ ਘੱਟ ਤੋਂ ਘੱਟ ਦਸ ਏਕੜ ਰਕਬੇ ਮਗਰ ਦੋ ਤੋਂ ਤਿੰਨ ਏਕੜ ਰਕਬਾ ਰੁੱਖ ਲਗਾਉਣ ਲਈ ਜਰੂਰੀ ਕੀਤਾ ਜਾਵੇ ਜਿਸ ਨਾਲ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਵਿੱਚ ਵੱਡੀ ਮੱਦਦ ਮਿਲੇਗੀ ਅਤੇ ਲੋਕਾਂ ਨੂੰ ਰੁੱਖਾਂ ਤੋਂ ਲੋੜੀਂਦੀ ਆਕਸੀਜਨ ਪ੍ਰਾਪਤ ਹੋਵੇਗੀ।ਪੰਛੀਆਂ ਦੇ ਰਹਿਣ ਬਸੇਰੇ ਵਧਣਗੇ। ਰਿਵਾਇਤੀ ਪੰਛੀਆਂ ਦੀ ਘੱਟ ਰਹੀ ਗਿਣਤੀ ਦਾ ਕਿਤੇ ਨਾ ਕਿਤੇ ਵੱਡਾ ਕਾਰਨ ਰੁੱਖਾਂ ਦੀ ਲਗਾਤਾਰ ਕਟਾਈ ਵੀ ਸਮਝਿਆ ਜਾ ਸਕਦਾ ਹੈ।ਇਸ ਉਪਰਾਲੇ ਸਦਕਾ ਸਰਕਾਰ ਦੀ ਕਾਰਗੁਜ਼ਾਰੀ ਦੀ ਸਲਾਘਾ ਵੀ ਕੀਤੀ ਜਾਵੇਗੀ ।ਵਾਤਾਵਰਣ ਨੂੰ ਸੁੱਧ ਕਰਨ ਲਈ ਇਹ ਇੱਕ ਵੱਡਾ ਉਪਰਾਲਾ ਸਾਬਿਤ ਹੋਵੇਗਾ।ਆਮ ਤੌਰ ਤੇ ਦੇਖਿਆ ਗਿਆ ਹੈ ਕਿ ਕਈ ਵਾਰ ਸਰਕਾਰਾਂ ਵੱਲੋਂ ਵਾਰ ਵਾਰ ਕੱਚੇ ਰਸਤਿਆਂ ਅਤੇ ਸੜਕਾਂ ਕਿਨਾਰੇ ਦਰਖ਼ਤ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ ਵਰਕਰਾਂ ਵੱਲੋਂ ਛਾਂਦਾਰ ਪੌਦੇ ਤਾਂ ਲਗਾ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਬਾਅਦ ਵਿੱਚ ਕਈ ਵਾਰ ਪਾਣੀ ਨਹੀਂ ਪਾਇਆ ਜਾਂਦਾ ਜਿਸ ਦੇ ਕਾਰਨ ਵੱਡੀ ਗਿਣਤੀ ਵਿੱਚ ਪੌਦੇ ਸੁੱਕ ਜਾਂਦੇ ਨੇ ਜਾ ਉਹ ਥੋੜ੍ਹੇ ਬਹੁਤ ਵੱਡੇ ਹੁੰਦੇ ਨੇ ਤਾਂ ਅਵਾਰਾ ਪਸ਼ੂ ਉਨਾਂ ਨੂੰ ਖਾ ਜਾਂਦੇ ਹਨ ਜਾ ਤੋੜ ਦਿੰਦੇ ਨੇ। ਇਹਨਾ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਸਰਕਾਰ ਸਰਕਾਰੀ ਜ਼ਮੀਨਾਂ ਤੇ ਪਹਿਲ ਦੇ ਆਧਾਰ ਤੇ ਵੱਧ ਤੋਂ ਵੱਧ ਰੁੱਖ ਜਰੂਰ ਲਗਵਾਏ।

# ਧਰਤੀ ਹੇਠਲਾ ਪਾਣੀ ਬਚਾਉਣ ਲਈ ਸਰਕਾਰ ਦੇ ਧਿਆਨ ਯੋਗ ਨੁਕਤੇ



-ਡਾ. ਅਮਨਪ੍ਰੀਤ ਸਿੰਘ ਬਰਾੜ-

ਪੰਜਾਬ ਵਿੱਚ ਨਵੀਂ ਸਰਕਾਰ ਬਣੀ ਲੋਕਾਂ ਦੀਆਂ ਨਵੀਆਂ ਉਮੀਦਾਂ ਜਾਗੀਆਂ ਹਨ। ਇਸ ਵਿੱਚ ਕਈ ਪ੍ਰਮੁੱਖ ਫੈਸਲੇ ਲਏ ਗਏ। ਇਹਨਾਂ ਵਿਚੋਂ ਦੋ ਫੈਸਲੇ ਖੇਤੀ ਸਬੰਧੀ ਹਨ ਇੱਕ ਸਰਕਾਰ ਨੇ ਕਿਹਾ ਹੈ ਕਿਸਾਨ ਮੂੰਗੀ ਬੀਜਣ ਅਤੇ ਸੂਬਾ ਸਰਕਾਰ ਇਸ ਫਸਲ ਨੂੰ ਐਮ ਐਸ ਪੀ ਜੋ 7275 ਰੁਪਏ ਪ੍ਰਤੀ ਕੁਇੰਟਲ ਹੈ ਉਸ ਤੇ ਖਰੀਦੇਗੀ। ਦੂਸਰਾ ਕਿ ਜਿਹੜੇ ਕਿਸਾਨ ਸਿੱਧੀ ਬਿਜਾਈ ਕਰਨਗੇ ਉਹਨਾਂ ਨੂੰ 1500 ਰੁਪਏ ਪ੍ਰਤੀ ਏਕੜ ਮਿਲੇਗਾ। ਇਹ ਦੋਨੋ ਗੱਲਾਂ ਸ਼ਲਾਘਾਯੋਗ ਹਨ ਪਰ ਇਸ ਵਾਰ ਇਹ ਅਮਲੀ ਜਾਮੇ ਤੋਂ ਥੋੜਾ ਦੂਰ ਹਨ। ਮੇਰਾ ਕਹਿਣ ਦਾ ਭਾਵ ਹੈ ਸੱਠੀ ਮੂੰਗੀ ਦੀ ਬਿਜਾਈ ਦਾ ਸਮਾਂ ਤਾਂ ਨਿੱਕਲ ਚੁੱਕਾ ਹੈ ਪਰ ਝੋਨੇ ਦੀ ਸਿੱਧੀ ਬਿਜਾਈ ਵਾਲੇ ਇਸ ਦਾ ਲਾਹਾ ਲੈ ਸਕਦੇ ਹਨ। ਹੁਣ ਵੇਖਣ ਵਾਲੀ ਗੱਲ ਹੈ ਕਿ ਸਾਉਣੀ ਵਿੱਚ ਮੂੰਗੀ ਹੇਠ ਰਕਬਾ ਕਿੰਨਾ ਵੱਧਦਾ ਹੈ ਇਸ ਐਲਾਨ ਨਾਲ।

ਪਰ ਆਪਣਾ ਮੁੱਖ ਮੁੱਦਾ ਹੈ ਪਾਣੀ ਬਚਾਉਣਾ ਹੈ ਕੀ ਇਹਨਾਂ ਦੋਨਾਂ ਫੈਸਲਿਆਂ ਨਾਲ ਅਸੀਂ ਪਾਣੀ ਬਚਾਉਣ ਵੱਲ ਕਦਮ ਵਧਾ ਸਕਾਂਗੇ। ਆਉ ਇਸ ਦਾ ਵਿਸ਼ਲੇਸ਼ਣ ਕਰੀਏ। ਜਿਥੋ ਤੱਕ ਮੂੰਗੀ ਦਾ ਸਵਾਲ ਹੈ ਸੱਠੀ ਮੂੰਗੀ ਇਕ ਤੀਜੀ ਫ਼ਓਮਪ;ਸਲ ਹੋਵੇਗੀ, ਜਿਸ ਨਾਲ ਪਾਣੀ ਦੀ ਖਪਤ ਹੋਰ ਵਧੇਗੀ। ਜੇ ਘੱਟੋ ਘੱਟ ਇਕ ਰਾਉਣੀ ਅਤੇ ਬੀਜਾਈ ਤੋਂ ਬਾਅਦ 4 ਪਾਣੀ ਲੱਗੇ ਤਾਂ 40 ਸੈਟੀਮੀਟਰ ਪਾਣੀ ਲੱਗ ਗਿਆ।

ਇਸ ਵਕਤ ਪੰਜਾਬ ਦੇ ਪਾਣੀ ਹੇਠਾਂ ਜਾਣ ਦੀ ਸਮੱਸਿਆ ਤਿੰਨਾ ਕਾਰਨਾਂ ਕਰਕੇ ਹੈ।

1. ਘਣੀ ਖੇਤੀ ਯਾਨੀ ਜਮੀਨ ਵਿੱਚ ਬਹੁਤਾ ਸਮਾਂ ਕੋਈ ਨਾ ਕੋਈ ਫਸਲ ਖੜੀ ਰਹਿਣਾ। ਸਾਨੂੰ ਆਪਣਾ ਡੇਟਾ ਵੀ ਠੀਕ ਕਰਨ ਦੀ ਲੋੜ ਹੈ। ਕਾਗਜਾਂ ਵਿੱਚ ਪੰਜਾਬ ਦੀ ਕਰਾਪਿੰਗ ਇੰਨਟੇਸਟੀ 189 ਪ੍ਰਤੀਸ਼ਤ ਹੈ, ਜਦਕਿ ਅਸਲੀਅਤ ਵਿੱਚ ਇਹ 240 ਪ੍ਰਤੀਸ਼ਤ ਦੇ ਕਰੀਬ ਹੈ।

ਜਦੋਂ ਖੇਤ ਵਿੱਚ ਫਸਲ ਖੜੀ ਹੋਵੇਗੀ ਤਾਂ ਵਾਸ਼ਪੀਕਰਣ ਰਾਹੀਂ ਪਾਣੀ ਜਮੀਨ ਵਿਚੋਂ ਉਡਣਾ ਹੀ ਉਡਣਾ। ਵੱਖ ਵੱਖ ਫਸਲਾਂ ਦਾ ਵਾਸ਼ਪੀਕਰਣ ਇਸ ਪ੍ਰਕਾਰ ਹੈ ਧਾਨ 73 ਸੈਂਟੀਮੀਟਰ, ਨਰਮੇ ਲਈ 65 ਸੈਂਟੀਮੀਟਰ, ਮੱਕੀ 60 ਸੈਂਟੀਮੀਟਰ, ਗੰਨਾ 180 ਸੈਂਟੀਮੀਟਰ, ਮੂੰਗੀ 40 ਸੈਂਟੀਮੀਟਰ, ਕਣਕ 50 ਸੈਂਟੀਮੀਟਰ, ਛੋਲੇ 40 ਸੈਂਟੀਮੀਟਰ, ਪੱਠਿਆ ਦਾ ਵਾਸ਼ਪੀਕਰਣ ਪਕਾਵੀਂ ਫਸਲ ਨਾਲੋਂ ਜਿਆਦਾ ਹੋਵੇਗਾ ਕਿਉਂਕਿ ਪੱਠੇ ਸੰਘਣੇ ਬੀਜੇ ਜਾਂਦੇ ਹਨ ਅਤੇ ਉਸ ਦੇ ਪੱਤੇ ਜਿਆਦਾ ਹੁੰਦੇ ਹਨ। ਕਲਚਰਲ ਪਰੈਕਟਿਸਸ ਨਾਲ ਪਾਣੀ ਦੀ ਲਾਗਤ ਕੁੱਝ ਹੱਦ ਤੱਕ ਘਟਾਈ ਜਾ ਸਕਦੀ ਹੈ।

2. ਧਾਨ ਦੀ ਫਸਲ ਦਾ ਵਾਸ਼ਪੀਕਰਣ ਜਿਆਦਾ ਹੈ ਵੇਸੇ ਵੀ ਇਹ ਤਰ ਇਲਾਕੇ ਦੀ ਫਸਲ ਹੈ ਸਾਡੇ ਗਲ ਤਾਂ ਦੇਸ਼ ਦੀ ਭੁੱਖ ਮਿਟਾਉਣ ਨੂੰ ਮੜੀ ਗਈ ਸੋ ਹੁਣ ਅਸੀਂ ਆਰਥਿਕ ਪਖੋਂ ਇਸ ਚੱਕਰ ਵਿੱਚ ਫੱਸ ਗਏ ਕਿ ਨਿਕਲਣ ਦਾ ਕੋਈ ਹੱਲ ਹੀ ਨਹੀਂ ਦਿਸਦਾ। ਇਸ ਸਾਲ ਵੀ ਕੇਂਦਰ ਵਲੋਂ

1120 ਲੱਖ ਟਨ ਚੋਲ, ਪੈਦਾ ਕਰਨ ਦੇ ਟਾਰਗੇਟ ਮਿੱਥੇ ਹਨ ਜਦ ਕਿ ਪਿਛਲੇ ਸਾਲ ਇਹ ਟਾਰਗੇਟ 109.5 ਲੱਖ ਟਨ ਸੀ। ਜ਼ਾਹਰ ਹੈ ਜੇ ਕੇਂਦਰ ਨੇ ਸਮੁੱਚੇ ਦੇਸ਼ ਵਿੱਚ ਚੋਲ ਪੈਦਾ ਕਰਨ ਦਾ ਟਾਰ-ਗੇਟ ਵਧਾਇਆ ਹੈ ਤਾਂ ਸਾਡੇ ਸੂਬੇ ਦਾ ਵੀ ਵੱਧਿਆ ਹੋਵੇਗਾ, ਕਿਉਂਕਿ ਪਾਣੀ ਦੀ ਕਮੀ ਤਾਂ ਸਮੁੱਚੇ ਦੇਸ਼ ਵਿੱਚ ਹੀ ਹੈ। ਇਕ ਪਾਸੇ ਸਰਕਾਰ ਪੈਦਾਵਾਰ ਦਾ ਟਾਰਗੇਟ ਵਧਾਉਂਦੀ ਹੈ ਦੂਜੇ ਪਾਸੇ ਖਰੀਦਣ ਤੋ ਪੈਰ ਖਿਸਕਾਉਂਦੀ ਹੈ। ਭਾਵ ਖੱਬਾ ਹੱਥ ਸੱਜੇ ਨੂੰ ਨਹੀਂ ਪਹਿਚਾਣਦਾ। 3. ਪਾਣੀ ਹੇਠਾਂ ਜਾਣ ਦਾ ਤੀਜਾ ਮੁੱਖ ਕਾਰਨ ਹੈ। ਬਾਰਸ਼ਾਂ ਦਾ ਘੱਟ ਹੋਣਾ। ਸਰਕਾਰੀ ਡੇਟਾ ਦੱਸਦਾ ਹੈ ਕਿ ਪਿਛਲੇ 50-60 ਸਾਲਾਂ ਵਿੱਚ ਬਾਰਿਸ਼ 20 ਸੈਟੀਮੀਟਰ ਘੱਟ ਗਈ। ਹੁਣ ਪੰਜਾਬ ਵਿੱਚ ਔਸਤ ਬਾਰਸ਼ 45 ਸੈਟੀਮੀਟਰ ਰਹਿ ਗਈ ਜਿਹੜੀ ਦਰਿਆਈ ਪਾਣੀਆਂ ਦੀ ਵੰਡ ਵੇਲੇ 65 ਸੈਟੀਮੀਟਰ ਸੀ। ਪਰ ਅੱਜ ਵੀ ਸਾਡੇ ਬਹੁਤੇ ਬੁੱਧੀਜੀਵੀ ਉਹ ਪੁਰਾਣੇ ਅੰਕੜੇ ਹੀ ਲਿਖੀ ਜਾਂਦੇ ਹਨ।

ਪੰਜਾਬ ਸਰਕਾਰ ਕੀ ਕਰੇ - ਹਰ ਸਮੱਸਿਆ ਦੇ ਦੋ ਤਰ੍ਹਾਂ ਦੇ ਹੱਲ ਹੁੰਦੇ ਹਨ। ਇਕ ਤੁਰੰਤ ਕੰਮ ਕਰਨ ਵਾਲੇ ਇਕ ਲੰਬੇ ਸਮੇਂ ਅਤੇ ਸਥਾਈ ਹੱਲ ਲੱਭਣ ਵਾਲੇ।

ਤੁਰੰਤ ਹੱਲ ਇਹ ਹਨ

ਪੰਜਾਬ ਪਰੇਸਰਵੇਸ਼ਨ ਆਫ ਸਬ ਸਾਇਲ ਵਾਟਰ ਕਾਨੂੰਨ 2009 ਨੂੰ ਪੁਖਤਾ ਤਰੀਕੇ ਨਾਲ ਲਾਗੂ ਕੀਤਾ ਜਵੇ। ਇਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਹੋ ਗਿਆ ਸੀ ਕਿਸਾਨ 20 ਜੂਨ ਤੱਕ ਵੀ ਚਲੇ ਗਏ ਸਨ। ਇਸ ਦਾ ਧਰਤੀ ਦੇ ਪਾਣੀ ਨੀਵੇ ਜਾਣ ਤੇ ਵੀ ਅਸਰ ਹੋਇਆ ਸੀ ਅਤੇ ਪਾਣੀ ਨੀਵਾਂ ਜਾਣ ਦੀ ਰਫਤਾਰ ਵੀ ਘਟੀ ਸੀ। ਕਰੋਨਾ ਕਾਲ ਵਿੱਚ ਲੇਬਰ ਘੱਟ ਮਿਲਣ ਕਾਰਨ ਕਰਕੇ 2 ਸਾਲ ਢਿੱਲ ਦਿਤੀ ਗਈ ਸੀ। ਪਰ ਅੱਜ ਕਰੋਨਾ ਖਤਮ ਹੈ ਤੇ ਢਿੱਲ ਵੀ ਖਤਮ ਹੋਣੀ ਚਾਹੀਦੀ ਹੈ। ਜਿਨ੍ਹਾਂ ਪਾਣੀ ਬੱਚਦਾ ਹੈ ਬਚਾਉਣਾ ਚਾਹੀਦਾ ਹੈ। ਕਾਫੀ ਕਿਸਾਨ ਵੀ ਇਸ ਨਾਲ ਸਹਿਮਤ ਹਨ। ਇਸ ਵਕਤ ਪਾਣੀ ਪਹਿਲ ਦੇ ਅਧਾਰ ਤੇ ਬਚਾਉਣਾ ਚਾਹੀਦਾ ਹੈ। ਇਸ ਤੋਂ ਉਪਰ ਲੰਬੇ ਸਮੇਂ ਵਾਲੀਆਂ ਕਿਸਮਾਂ ਜਿਵੇਂ ਪੂਸਾ 44 ਵਰਗੀਆਂ ਕਿਸਮਾਂ ਪੰਜਾਬ ਵਿੱਚ ਲਾਉਣ ਤੇ ਕਾਨੂੰਨਨ ਮਨਾਹੀ ਹੋਣੀ ਚਾਹੀਦੀ ਹੈ ਭਾਵੇ ਇਸ ਲਈ ਆਰਡੀਨੈਂਸ ਲੈ ਕੇ ਆਉ ।

ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇ ਪੀ ਆਰ 126 ਆਦਿ ਦੇ ਬੀਜ ਕਿਸਾਨਾਂ ਨੂੰ ਵੱਧ ਤੋਂ ਵੱਧ ਉਪਲੱਬਧ ਕਰਵਾਉ। ਬਾਸਮਤੀ ਹੇਠਾ ਰਕਬਾ ਅੰਤਰਰਾਸ਼ਟਰੀ ਮੰਗ ਅਨੁਸਾਰ ਵਧਾਇਆ ਜਾ ਸਕਦਾ ਹੈ। ਲੰਬੇ ਸਮੇਂ ਲਈ ਹੱਲ ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪਾਣੀ ਦੇ ਨੈਗੇਟਿਵ ਬੇਲੇਂਸ ਦਾ ਮੁੱਖ ਕਾਰਨ ਹੈ ਕਿ ਫਸਲੀ ਘਣਤਾ ਜਾਂ ਕਰਾਪਿੰਗ ਇਨਟੇਸਟੀ ਜਿਸ ਨੂੰ ਘੱਟ ਕਰਨਾ ਸਾਡੇ ਲਈ ਘਾਤਕ ਹੈ ਕਿਉਂਕਿ ਸੂਬਾ ਖੇਤੀ ਪ੍ਰਧਾਨ ਹੈ ਅਤੇ ਲੋਕਾਂ ਅਤੇ ਸਰਕਾਰ ਦੀ ਆਮਦਨ ਦਾ ਮੁੱਖ ਸਰੋਤ ਹੈ। ਇਸ ਲਈ ਫਸਲੀ ਚੱਕਰ ਉਹ ਚੁਣਿਆ ਜਾਣ ਚਾਹੀਦਾ ਹੈ ਜਿਸ ਦੀ ਪਾਣੀ ਦੀ ਲੋੜ ਘੱਟ ਹੋਵੇ ਦੂਜਾ ਉਹਨਾਂ ਫਸਲਾਂ ਦੇ ਪੈਦਾ ਕਰਨ ਦੀਆਂ ਵਿਧੀਆ ਇਹੋ ਜਿਹੀਆਂ ਹੋਣ ਜਿਨ੍ਹਾਂ ਨਾਲ ਪਾਣੀ ਦੀ ਬੱਚਤ ਹੋ ਸਕੇ ਤੀਜਾ ਉਹਦੇ ਵਿੱਚ ਮੈਨੂਅਲ ਲੇਬਰ ਘੱਟ ਲੱਗੇ ਅਤੇ ਮਸ਼ਨਿਰੀ ਦੀ ਵਰਤੋ ਜਿਆਦਾ ਹੋਵੇ। ਇਸ ਸੱਭ ਤੋਂ ਉੱਪਰ ਕਿਸਾਨਾਂ ਦੀ ਆਮਦਨ ਘਟਣੀ ਨਹੀਂ ਚਾਹੀਦੀ।

ਮਿਸਾਲ ਦੇ ਤੌਰ ਤੇ ਮੂੰਗੀ ਦੀ ਫਸਲ ਵਿੱਚ ਕੀ ਕਮੀਆਂ ਹਨ। ਫਸਲ ਦਾ ਝਾੜ ਘੱਟ ਬਿਮਾਰੀਆਂ ਤੇ ਕੀੜੇ ਜਿਆਦਾ, ਇੱਕ ਸਾਰ ਨਾ ਪੱਕਣਾ। ਇਕ ਸਾਰ ਨਾ ਪੱਕਣ ਕਰਕੇ ਇਸ ਨੂੰ ਵੱਡ ਕੇ ਕੁਝ ਦਿਨ ਪਕਾਉਣਾ ਪੈਂਦਾ ਹੈ ਅਤੇ ਜੇ ਉਹਨਾਂ ਦਿਨਾਂ ਵਿੱਚ ਬਾਰਸ਼ ਆ ਗਈ ਤਾਂ ਦਾਣੇ ਕਾਲੇ, ਕੁਆਲਟੀ ਖਰਾਬ। ਇਹਨਾਂ ਦਿੱਕਤਾਂ ਦੇ ਬਾਵਜੂਦ ਪਾਣੀ ਬਚਾਉਣ ਦਾ ਕੋਈ ਹੱਲ ਤਾਂ ਲੱਭਣਾ ਪੈਣਾ ਹੈ। ਇਸ ਲਈ ਮਾਹਿਰਾਂ ਦੀ ਇਕ ਕਮੇਟੀ ਬਣਾਉ ਜਿਸ ਵਿੱਚ ਕਿਸਾਨ ਜਥੇਬੰਦੀਆਂ ਦੇ ਮੈਂਬਰ ਵੀ ਪਾਉ ਜੋ ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖ ਕਿ ਇਕ ਕਰਾਪਿੰਗ ਪੈਟਰਨ ਬਣਾਵੇ ਜਿਸ ਨਾਲ ਸੂਬੇ ਦੇ ਪਾਣੀ ਦਾ ਬੇਲੇਂਸ ਘੱਟੋ ਘੱਟ ਇਸ ਤੋਂ ਹੇਠਾਂ ਨਾ ਜਾਵੇ ਅਤੇ ਕਿਸਾਨਾਂ ਦੀ ਆਮਦਨ ਵੀ ਨਾ ਘਟੇ।

# ਅਜੋਕੀ ਸ਼੍ਰੋਮਣੀ ਕਮੇਟੀ ਨੇ 'ਬਾਦਲ ਦਾ ਮੂੰਹ-ਗੁਰੂ ਦੀ ਗੋਲਕ' ਦਾ ਹਾਲ ਕਰ ਦਿੱਤੈ : ਭਾਈ ਢਪਾਲੀ

*** ਆਰ ਟੀ ਆਈ ਤੋਂ ਮਿਲੇ ਜਵਾਬ ਵਿੱਚ ਹੈਰਾਨੀ ਭਰੇ ਖੁਲਾਸੇ**



ਕੋਟਕਪੂਰਾ, 15 ਮਈ (ਪੋਸਟ ਬਿਊਰੋ)- ਪ੍ਰਸਿੱਧ ਪੰਥਕ ਪ੍ਰਚਾਰਕ ਭਾਈ ਹਰਜੀਤ ਸਿੰਘ ਢਪਾਲੀ ਨੇ ਮੰਗ ਕੀਤੀ ਹੈ ਕਿ ਅੱਜਕੱਲ੍ਹ ਜਦੋਂ ਪੰਜਾਬ ਦੀ ਸਰਕਾਰ ਨੇ ਮਸਾਂਡੇਢ ਹਫਤੇ ਵਿੱਚ ਇੱਕ ਹਜ਼ਾਰ ਏਕੜ ਤੋਂ ਵੱਧ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਾ ਲਈ ਹੈ, ਤਾਂ ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਗੁਰੂ ਘਰਾਂ ਦੀ ਹਜ਼ਾਰਾਂ ਏਕੜ ਜ਼ਮੀਨ ਨੂੰ ਹੜੱਪੀ ਬੈਠੇ ਬਾਦਲ ਦਲ ਦੇ ਲੀਡਰਾਂ ਉੱਤੇ ਕਾਰਵਾਈ ਕਰਨ ਦੀ ਹਿੰਮਤ ਕਰਨੀ ਚਾਹੀਦੀ ਹੈ ਅਤੇ ਗੁਰੂ ਘਰ ਦੀ ਗੋਲਕ ਨਾਲ ਬਾਦਲ ਦਾ ਘਰ ਭਰਨ ਦਾ ਪਾਪ ਰੋਕਣਾ ਚਾਹੀਦਾ ਹੈ।

ਭਾਈ ਹਰਜੀਤ ਸਿੰਘ ਢਪਾਲੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਕਰੀਬ 20 ਹਜ਼ਾਰ ਏਕੜ ਜ਼ਮੀਨ ਉਪਰ ਬਾਦਲ ਦਲ ਦੇ ਆਗੂਆਂ ਨੇ ਲੀਜ਼ ਦੇ ਨਾਂਅ ਤੇ ਕਬਜ਼ਾ ਕਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਵਿਖੇ ਕੀਮਤੀ 10 ਏਕੜ ਜ਼ਮੀਨ ਉਪਰ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਨਿੱਜੀ ਸਕੂਲ ਬਣਾਇਆ ਅਤੇ ਸਿਰਫ 1000 ਰੁਪਏ ਸਾਲ ਦਾ ਠੇਕਾ ਗੁਰੂ ਘਰ ਨੂੰ ਦਿੱਤਾ ਜਾਂਦਾ ਹੈ। ਭਾਈ ਰੂਪਾ ਪਿੰਡ ਦੀ 150 ਏਕੜ ਤੋਂ ਵੱਧ ਜ਼ਮੀਨ ਦਾ ਕੋਈ ਪਤਾ ਨਹੀਂ। ਹਰਿਆਣੇ ਦੇ ਸ਼ਾਹਾਬਾਦ ਮਾਰਕੰਡੇ ਵਿਖੇ ਇੱਕ ਮੁਸਲਿਮ ਸ਼ਰਧਾਲੂ ਵੱਲੋਂ ਗੁਰੂ ਘਰ ਨੂੰ ਭੇਟ ਕੀਤੀ ਗਈ ਬਹੁ ਕਰੋੜੀ 27 ਏਕੜ ਜ਼ਮੀਨ ਵਿੱਚੋਂ 24 ਏਕੜ ਜ਼ਮੀਨ ਪ੍ਰਕਾਸ਼ ਸਿੰਘ ਬਾਦਲ ਨੇ ਮੀਰੀ-ਪੀਰੀ ਟਰੱਸਟ ਬਣਾ ਕੇ ਦੱਬ ਲਈ ਹੈ।

ਭਾਈ ਢਪਾਲੀ ਨੇ ਆਰ ਟੀ ਆਈ ਰਾਹੀਂ ਸ਼੍ਰੋਮਣੀ ਕਮੇਟੀ ਤੋਂ ਜਾਣਕਾਰੀ ਮੰਗੀ ਸੀ ਅਤੇ ਇਹ ਜਾਣਕਾਰੀ ਲੈਣ ਪਿੱਛੋਂਆਮ ਜਨਤਾ ਲਈ ਜਾਰੀ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਖੁਦ ਮੰਨਿਆ ਕਿ ਗੁਰੂ ਘਰ ਦੀ ਗੋਲਕ ਵਿੱਚੋਂ ਅੱਜ ਤਕ 66 ਕਰੋੜ ਪੰਜ ਲੱਖ ਰੁਪਏ ਬਾਦਲ ਪਰਵਾਰ ਦੀ ਸਰਦਾਰੀ ਵਾਲੇ ਦੇ ਮੀਰ-ਪੀਰੀ ਟਰੱਸਟ ਨੂੰ ਦਿੱਤੇ ਜਾ ਚੁੱਕੇ ਹਨ, ਜਦ ਕਿ ਉਸ ਟਰੱਸਟ ਦੀ ਆਮਦਨ ਬਾਦਲ ਪਰਵਾਰ ਖਾ ਰਿਹਾ ਹੈ। ਭਾਈ ਢਪਾਲੀ ਨੇ ਕਿਹਾ ਕਿ ਇੱਕ ਪਾਸੇ ਗਰੀਬੀ ਨਾਲ ਲੜਦੇ ਸਿੱਖ ਪਰਵਾਰ ਆਪਣੀਆਂ ਲੋੜਾਂ ਦੀ ਪੂਰਤੀ ਲਈ ਧਰਮ ਬਦਲ ਰਹੇ ਹਨ, ਕੋਈ ਈਸਾਈ ਬਣਦੈ, ਕੋਈ ਕਿਸੇ ਡੇਰੇਦਾਰ ਸਾਧ ਦੇ ਜਾਲ ਵਿੱਚ ਫਸ ਰਿਹੈ, ਪਰ ਉਨ੍ਹਾਂ ਦੀ ਸੰਭਾਲ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਦੀ ਸਮੁੱਚੀ ਟੀਮ ਬਾਦਲ ਪਰਵਾਰ ਨੂੰ ਸੰਭਾਲਣ ਉੱਤੇ ਲੱਗੀ ਹੋਈ ਹੈ।

# ਲੁੱਟ-ਖੋਹ ਦੇ ਦੋਸ਼ੀ ਜੋਬਨਪ੍ਰੀਤ ਨੂੰ ਪ੍ਰੋਡਕਸ਼ਨ ਵਾਰੰਟ ਉਤੇ ਲਿਆਂਦਾ

ਜਲੰਧਰ, 15 ਮਈ (ਪੋਸਟ ਬਿਊਰੋ)- ਫਿਜਿਓਥੈਰੇਪਿਸਟ ਤੋਂ ਲੁਟੇਰਾ ਬਣੇ ਹੋਏ ਸੁਰਿੰਦਰ ਸਿੰਘ ਤੇ ਉਸ ਦੇ ਇੱਕ ਸਾਥੀ ਜੋਬਨਪ੍ਰੀਤ ਸਿੰਘ,ਜੋ ਸੋਫਾ ਬਣਾਉਣ ਦਾ ਕਾਰੀਗਰ ਹੈ ਅਤੇ ਜੇਲ੍ਹ ਵਿੱਚ ਹੈ, ਨੂੰ ਥਾਣਾ ਡਵੀਜ਼ਨ ਨੰਬਰ ਇੱਕ ਦੀ ਪੁਲਸ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਈ ਅਤੇ ਰਿਮਾਂਡ ਉੱਤੇ ਲੈ ਕੇ ਪੁੱਛਗਿੱਛ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਜੋਬਨਪ੍ਰੀਤ ਨੇ ਮੁੱਖ ਦੋਸ਼ੀ ਸੁਰਿੰ-ਦਰ ਨਾਲ ਮਿਲ ਕੇ ਪੈਟਰੋਲ ਪੰਪ ਦੇ ਮੈਨੇਜਰ ਵਿਨੋਦ ਤੋਂ ਪਹਿਲਾਂ ਵੀ ਲੁੱਟ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਸਫਲ ਨਹੀਂ ਹੋ ਸਕੇ ਸਨ। ਬਾਅਦ ਵਿੱਚ ਜੋਬਨਪ੍ਰੀਤ ਸਿੰਘ ਚੋਰੀ ਦੇ ਇੱਕ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ ਸੀ। ਇਸ ਦੇ ਬਾਅਦ ਸੁਰਿੰਦਰ ਨੇ ਰਮੇਸ਼ ਨਾਲ ਮਿਲ ਕੇ ਲੁੱਟ ਕੀਤੀ ਸੀ। ਪੁਲਸ ਇਸ ਕੇਸ ਵਿੱਚ ਕਰੀਬ ਦੋ ਲੱਖ ਰੁਪਏ ਬਰਾਮਦ ਕਰ ਚੁੱਕੀ ਹੈ ਅਤੇ ਬਾਕੀ ਬਰਾਮਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਵਰਨਣ ਯੋਗ ਹੈ ਕਿਮਕਸੂਦਾਂ ਚੌਕ ਨੇੜੇ ਕੱਲ੍ਹ ਦੁਪਹਿਰੇ ਬੈਂਕ ਵਿੱਚ ਪੈਸੇ ਜਮ੍ਹਾ ਕਰਵਾਉਣ ਪਹੁੰਚੇ ਪੈਟਰੋਲ ਪੰਪ ਦੇ ਮੈਨੇਜਰ ਘਾਹ ਮੰਡੀ ਵਾਸੀ ਵਿਨੋਦ ਤੋਂ 3.22 ਲੱਖ ਰੁਪਏ ਲੁੱਟ ਕੇ ਇੱਕ ਨਕਾਬਪੋਸ਼ ਨੌਜਵਾਨ ਨੇੜੇ ਹੀ ਐਕਟਿਵਾ ਸਵਾਰ ਇੱਕ ਹੋਰ ਨਕਾਬਪੋਸ਼ ਨੌਜਵਾਨ ਦੇ ਨਾਲ ਨੰਦ-ਨਪੁਰ ਵੱਲ ਫਰਾਰ ਹੋ ਗਿਆ। ਪੁਲਸ ਨੇ ਸੀ ਸੀ ਟੀ ਵੀ ਫੁਟੇਜ਼ ਦੇ ਆਧਾਰ ਉੱਤੇ ਸੁਰਿੰਦਰ ਅਤੇ ਰਮੇਸ਼ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਲੁੱਟ ਦੀ ਕੁਝ ਰਕਮ ਅਤੇ ਵਾਰਦਾਤ ਵਿੱਚ ਇਸਤੇਮਾਲ ਐਕਟਿਵਾ ਬਰਾਮਦ ਕਰ ਲਈ ਸੀ।

# 45 ਝੁੱਗੀਆਂ ਸੜੀਆਂ, ਬੱਚੀ ਦੀ ਮੌਤ

ਡੇਰਾਬੱਸੀ, 15 ਮਈ (ਪੋਸਟ ਬਿਊਰੋ)- ਪਿੰਡ ਸੁੰਡਰਾ ਵਿਖੇ ਕੱਲ੍ਹ ਦੁਪਹਿਰ ਬਾਅਦ ਖੇਤਾਂ ਨੇੜੇ ਝੁੱਗੀਆਂ ਨੂੰ ਅੱਗ ਲੱਗ ਜਾਣ ਨਾਲ 45 ਝੁੱਗੀਆਂ ਸੜ ਗਈਆਂ। ਇਸੇ ਦੌਰਾਨ ਡੇਢ ਸਾਲ ਦੀ ਬੱਚੀ ਦੀ ਮੌਤ ਹੋ ਗਈ ਤੇ ਇੱਕ ਹੋਰ ਬੱਚੀ ਝੁਲਸ ਗਈ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੰਚਕੂਲਾ, ਰਾਮਗੜ੍ਹ ਅਤੇ ਡੇਰਾਬੱਸੀ ਤੋਂ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਲਗਭਗ ਤਿੰਨ ਘੰਟੇ ਵਿੱਚ ਅੱਗ ਉੱਤੇ ਕਾਬੂ ਪਾਇਆ।





ਮਿਲੀ ਜਾਣਕਾਰੀ ਅਨੁਸਾਰ ਪਿੰਡ ਸੁੰਡਰਾ ਵਿਖੇ ਖੇਤਾਂ ਦੇ ਨੇੜੇ ਪਰਵਾਸੀ ਲੋਕ ਕਈ ਸਾਲਾਂ ਤੋਂ 45 ਦੇ ਕਰੀਬ ਝੁੱਗੀਆਂ ਬਣਾ ਕੇ ਰਹਿ ਰਹੇ ਸਨ। ਕੱਲ੍ਹ ਪਿੰਡ ਦੇ ਇੱਕ ਵਿਅਕਤੀ ਨੇ ਖੇਤਾਂ ਵਿੱਚ ਕਣਕ ਦੀ ਵਾਢੀ ਮਗਰੋਂ ਨਾੜ ਨੂੰ ਅੱਗ ਲਾਈ ਸੀ। ਇਸ ਦੀ ਅੱਗ ਨੇ ਝੁੱਗੀਆਂ ਨੂੰ ਲਪੇਟ ਵਿੱਚ ਲੈ ਲਿਆ। ਭਾਜੜ ਮੌਕੇ ਇੱਕ ਝੁੱਗੀ ਵਿੱਚ ਖੇਡਦੀ ਡੇਢ ਸਾਲ ਦੀ ਬੱਚੀ ਦੀ ਅੱਗ ਵਿੱਚ ਸੜ ਕੇ ਮੌਤ ਹੋ ਗਈ। ਬੱਚੀ ਦੇ ਮਾਤਾ-ਪਿਤਾ ਕੰਮ ਉੱਤੇ ਗਏ ਸਨ। ਇਸ ਤੋਂ ਇਲਾਵਾ ਤਿੰਨ ਸਾਲ ਦੀ ਬੱਚੀ ਬੁਰੀ ਤਰ੍ਹਾਂ ਝੁਲਸ ਗਈ ਜਿਸ ਨੂੰ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਪੰਜਾਬ ਨੂੰ ਰਾਹਤ: ਕੇਂਦਰ ਸਰਕਾਰ ਵੱਲੋਂ ਕਣਕ ਖਰੀਦ ਦੇ ਮਾਪਦੰਡਾਂ ਵਿੱਚ ਛੋਟ

ਚੰਡੀਗੜ੍ਹ, 15 ਮਈ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਵਿੱਚੋਂ ਖਰੀਦੀ ਕਣਕ ਦੀ ਫਸਲ ਦੇ ਸਟੈਂਡਰਡ ਨੂੰ ਮਿਥੇਪੈਮਾਨੇ ਤੋਂ ਛੋਟ ਦੇ ਦਿੱਤੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਇਹ ਰਾਹਤ ਦੀ ਖਬਰ ਹੈ ਅਤੇ ਕੇਂਦਰ ਪੂਲ ਲਈ ਇਸ ਰਾਜ ਤੋਂ ਖਰੀਦੀ ਕਣਕ ਦੀ ਫਸਲ ਪ੍ਰਵਾਨਯੋਗ ਹੋ ਗਈ ਹੈ।




ਵਰਨਣ ਯੋਗ ਹੈ ਕਿ ਇਸ ਵਾਰ ਮਾਰਚ ਵਿੱਚ ਗਰਮੀ ਅਚਾਨਕ ਵਧਣ ਕਰ ਕੇ ਕਣਕ ਦਾ ਦਾਣਾ ਛੇ ਫੀਸਦੀ ਤੋਂ ਜ਼ਿਆਦਾ ਸੁੰਗੜ ਗਿਆ ਸੀ।ਕੇਂਦਰੀ ਪੈਮਾਨੇਦੇ ਅਨੁਸਾਰ ਕਣਕ ਦੇ ਦਾਣੇ ਦਾ ਮਿਆਰ ਛੇ ਫੀਸਦੀ ਤਕ ਸਵੀਕਾਰ ਯੋਗ ਹੁੰਦਾ ਹੈ, ਪਰ ਗਰਮੀ ਕਰ ਕੇ ਕਣਕ ਦੇ ਸੁੰਗੜੇ ਦਾਣੇ ਦੀ ਦਰ 22 ਫੀਸਦੀ ਤਕ ਪੁੱਜ ਗਈ ਸੀ। ਭਾਰਤੀ ਖੁਰਾਕ ਨਿਗਮ ਨੇ ਤੈਅ ਮਾਪਦੰਡਾਂ ਘੇਰੇ ਤੋਂ ਬਾਹਰ ਵਾਲੀ ਫਸਲ ਲੈਣੀ ਬੰਦ ਕਰ ਦਿੱਤੀ ਸੀ। ਕੇਂਦਰੀ ਖੁਰਾਕ ਮੰਤਰਾਲੇ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਪੱਤਰ ਜਾਰੀ ਕਰ ਕੇ ਦੱਸਿਆ ਹੈ ਕਿ ਦੋਵਾਂਰਾਜਾਂ ਤੋਂ ਬਿਨਾਂ ਕਿਸੇ ਵੈਲਿਊ ਕੱਟ ਦੇ 18 ਫੀਸਦੀ ਤਕ ਕਣਕ ਦੇ ਸੁੰਗੜੇ ਦਾਣੇ ਅਤੇ ਟੁੱਟ ਦੀ ਛੋਟ ਦੇ ਦਿੱਤੀ ਗਈ ਹੈ।ਕੇਂਦਰੀ ਖੁਰਾਕ ਮੰਤਰ-ਾਲੇ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਤਕਲੀਫਾਂ ਘਟਾਉਣ ਅਤੇ ਕਣਕ ਘੱਟ ਭਾਅ ਉਤੇ ਵਿਕਣ ਦੀ ਸੰਭਾਵਨਾ ਨੂੰ ਅੱਖੋਂ ਪਰੋਖੇ ਕਰਨ ਲਈ 2022-23 ਦੇ ਸੀਜ਼ਨ ਵਿੱਚ ਕੇਂਦਰੀ ਪੂਲ ਲਈ ਖਰੀਦ ਕੀਤੀ ਕਣਕ ਦੇ ਤੈਅ ਮਾਪਦੰਡਾਂ ਵਿੱਚ ਛੋਟ ਦਾ ਫੈਸਲਾ ਕੀਤਾ ਹੈ। ਕੇਂਦਰ ਨੇ ਇਹ ਸ਼ਰਤ ਵੀ ਲਾਈ ਹੈ ਕਿ ਮਿਥੇ ਮਿਆਰਾਂ ਵਿੱਚ ਦਿੱਤੀ ਛੋਟ ਵਾਲੀ ਕਣਕ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ ਦੀ ਹੋਵੇਗੀ। ਜੇ ਇਹ ਕਣਕ ਖਰਾਬ ਹੋਈ ਤਾਂ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ। ਕੁਝ ਵੀ ਹੋਵੇ, ਪੰਜਾਬ ਸਰਕਾਰ ਸਿਰ ਲਟਕ ਰਹੀ ਤਲਵਾਰ ਇਸ ਕੇਂਦਰੀ ਫੈਸਲੇ ਨਾਲ ਹਟ ਗਈ ਹੈ। ਪੰਜਾਬ ਵਿੱਚ 102.42 ਲੱਖ ਮੀਟ੍ਰਿਕ ਟਨ ਕਣਕ ਖਰੀਦੀ ਗਈ ਹੈ, ਜਦੋਂ ਕਿ ਟੀਚਾ 132 ਲੱਖ ਮੀਟ੍ਰਿਕ ਟਨ ਦਾ ਮਿਥਿਆ ਗਿਆ ਸੀ। ਭਾਰਤੀ ਖੁਰਾਕ ਨਿਗਮ ਨੇ ਪੰਜਾਬ ਵਿੱਚੋਂ ਸਿਰਫ 6.20 ਲੱਖ ਮੀਟ੍ਰਿਕ ਟਨ ਜਦੋਂ ਕਿ ਪ੍ਰਾਈਵੇਟ ਨੇ 6.29 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ।

# ਵਿਵਾਦਤ ਪੁਸਤਕਾਂ ਦੇ ਕੇਸ ਵਿੱਚ ਤਿੰਨ ਲੇਖਕਾਂ ਦੇ ਖਿਲਾਫ ਕੇਸ

ਐਸ ਏ ਐਸ ਨਗਰ, 15 ਮਈ (ਪੋਸਟ ਬਿਊਰੋ)- ਪੰਜਾਬ ਦੇ ਸਕੂਲਾਂ ਲਈ ਬਾਰ੍ਹਵੀਂ ਜਮਾਤ ਦੇ ਬੱਚਿਆਂ ਲਈ ਸਿੱਖਿਆ ਬੋਰਡ ਦੀਆਂ ਪਾਬੰਦੀਸ਼ੁਦਾ ਇਤਿਹਾਸ ਦੀਆਂ ਪੁਸਤਕਾਂ ਲਿਖਣ ਦੇ ਦੋਸ਼ ਹੇਠ ਪੰਜਾਬ ਪੁਲਸ ਦੇ ਸਟੇਟ ਕਰਾਈਮ ਥਾਣਾ ਫੇਜ਼-4 ਮੋਹਾਲੀ ਵਿੱਚ ਤਿੰਨ ਲੇਖਕਾਂ ਦੇ ਖਿਲਾਫ ਅਪਰਾਧਕ ਕੇਸ ਦਰਜ ਕੀਤਾ ਗਿਆ ਹੈ। ਇਹ ਕਾਰਵਾਈ 'ਇਤਿਹਾਸ ਬਚਾਓ-ਸਿੱਖੀ ਬਚਾਓ ਮੋਰਚਾ' ਤਹਿਤ ਸਿੱਖਿਆ ਬੋਰਡ ਦੇ ਬਾਹਰ ਪਿਛਲੇ 97ਵੇਂ ਦਿਨਾਂ ਤੋਂ ਲੜੀਵਾਰ ਧਰਨੇ ਉੱਤੇ ਬੈਠੇ ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਸ਼ਿਕਾਇਤ ਉੱਤੇ, ਪਰ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਨਿੱਜੀ ਦਖਲ ਤੋਂ ਬਾਅਦ ਕੀਤੀ ਗਈ ਹੈ।



ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਬੋਰਡ ਦੇ ਓਦੋਂ ਦੇ ਚੇਅਰਮੈਨ, ਵਾਈਸ ਚੇਅਰਮੈਨ ਸਣੇ ਕਿਤਾਬਾਂ ਲਿਖਣ ਦੀ ਪ੍ਰਵਾਨਗੀ ਦੇਣ ਵਾਲੇ ਅਫਸਰਾਂ ਤੇ ਪ੍ਰਿੰਟਿੰਗ ਪ੍ਰੈਸਾਂ ਦੇ ਖਿਲਾਫ ਵੀ ਸ਼ਿਕਾਇਤ ਦਿੱਤੀ ਸੀ, ਪਰ ਪੁਲਸ ਨੇ ਲੰਮੀ ਜਾਂਚ ਤੋਂ ਬਾਅਦ ਸਿਰਫ ਤਿੰਨ ਲੇਖਕਾਂ ਮਨਜੀਤ ਸਿੰਘ ਸੋਢੀ, ਮਹਿੰ-ਦਰਪਾਲ ਕੌਰ ਅਤੇ ਐਮ ਐਸ ਮਾਨ ਦੇ ਵਿਰੁੱਧ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕੀਤਾ ਹੈ। ਸਿਰਸਾ ਨੇ ਮੰਗ ਕੀਤੀ ਕਿ ਸਿਰਫ ਲੇਖਕਾਂ ਵਿਰੁੱਧ ਕੇਸ ਦਰਜ ਕਰਨ ਨਾਲ ਗੱਲ ਨਹੀਂ ਬਣਦੀ, ਕਿਤਾਬਾਂ ਛਾਪਣ ਅਤੇ ਇਸ ਦੀ ਪ੍ਰਵਾਨਗੀ ਦੇਣ ਵਾਲੇ ਅਫਸਰਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਜਦੋਂ ਤਕ ਸਾਰੇ ਅਫਸਰਾਂ ਵਿਰੁੱਧ ਕੇਸ ਦਰਜ ਨਹੀਂ ਹੁੰਦਾ, ਧਰਨਾ ਜਾਰੀ ਰਹੇਗਾ।




# ਝੋਨਾ ਲਵਾਈ ਦੇ 3500 ਰੁਪਏ ਤੈਅ ਕਰ ਕੇ ਮਜ਼ਦੂਰਾਂ ਵਿਰੁੱਧ ਸੱਦਾ

*** ਵੱਧ ਮਜ਼ਦੂਰੀ ਦਿੱਤੀ ਤਾਂ ਪੰਜਾਹ ਹਜ਼ਾਰ ਜੁਰਮਾਨਾ**

ਭਵਾਨੀਗੜ੍ਹ (ਸੰਗਰੂਰ), 15 ਮਈ (ਪੋਸਟ ਬਿਊਰੋ)- ਚੈਹਲਾਂ ਪੱਤੀ ਦੇ ਕਿਸਾਨ ਵੱਲੋਂ ਝੋਨਾ ਲਵਾਈ ਪੈਂਤੀ ਸੌ ਰੁਪਏ ਤੋਂ ਵੱਧ ਦੇਣ ਵਾਲੇ ਕਿਸਾਨਾਂ ਨੂੰ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਤੇ ਸੂਚਨਾ ਦੇਣ ਵਾਲੇ ਨੂੰ ਦਸ ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਇੱਕ ਕਿਸਾਨ ਨੇ ਇੰਟਰਨੈਟ ਮੀਡੀਆ ਉੱਤੇ ਵੀਡੀਓ ਵਾਇਰਲ ਕਰ ਕੇ ਚਿਤਾਵਨੀ ਦਿੱਤੀ ਹੈ ਕਿ ਫੈਸਲਾ ਨਾ ਮੰਨਣ ਵਾਲੇ ਮਜ਼ਦੂਰਾਂ ਨੂੰ ਕੋਈ ਕਿਸਾਨ ਖੇਤਾਂ ਵਿੱਚ ਨਾ ਵੜਨ ਦੇਵੇ।



ਦੂਸਰੇ ਪਾਸੇ ਖੇਤ ਮਜ਼ਦੂਰ ਭਾਈਚਾਰੇ ਨੇ 'ਪੜ੍ਹੋ, ਜੁੜੋ, ਸੰਘਰਸ਼ ਕਰੋ ਯੂਥ ਕਲੱਬ' ਦੀ ਅਗਵਾਈ ਹੇਠ ਪਿੰਡ ਦੇ ਗੁਰਦੁਆਰਾ ਰਵਿਦਾਸ ਵਿੱਚ ਬੈਠਕ ਕਰ ਕੇ ਇਨ੍ਹਾਂ ਰਸੂਖਦਾਰਾਂ ਵੱਲੋਂ ਕੀਤੇ ਝੋਨਾ ਲਵਾਈ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਨੇ ਕਿਹਾ ਕਿ ਮਹਿੰਗਾਈ ਅਸਮਾਨ ਛੂਹ ਰਹੀ ਹੈ ਤਾਂ ਇਸ ਵਾਰ ਝੋਨੇ ਦੀ ਲਵਾਈ ਦਾ ਰੇਟ ਤੈਅ ਹੋਣਾ ਚਾਹੀਦਾ ਹੈ। ਓਧਰ ਦਿਹਾਤੀ ਮਜ਼ਦੂਰ ਸਭਾ ਨੇ ਡੀ ਐਸ ਪੀ ਭਵਾਨੀਗੜ੍ਹ ਨੂੰ ਮਿਲ ਕੇ ਇੰਟਰਨੈਟ ਮੀਡੀਆ ਉੱਤੇ ਬਿਆਨ ਦੇਣ ਵਾਲੇ ਕਿਸਾਨ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਡੀ ਐਸ ਪੀ ਨੇ ਕਿਹਾ ਕਿ ਜਾਂਚ ਦੇ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

# ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨਾਲ ਵੀ 2.40 ਲੱਖ ਦੀ ਠੱਗੀ

ਕਪੂਰਥਲਾ, 15 ਮਈ (ਪੋਸਟ ਬਿਊਰੋ)- ਦੋਨਾ ਇਲਾਕੇ ਦੇ ਪਿੰਡ ਰਹੀਮਪੁਰ ਦੇ ਗੁਰਦੁਆਰਾ ਸਾਹਿਬ ਸਭਾ ਦੇ ਪ੍ਰਧਾਨ ਹਰਦੇਵ ਸਿੰਘ ਸ਼ਾਹ ਪੁੱਤਰ ਲਛਮਣ ਸਿੰਘ ਨੇ ਦੱਸਿਆ ਕਿ ਮੇਰੇ ਟੈਲੀਫੋਨ ਉੱਤੇ ਇੱਕ ਫੋਨ ਆਇਆ ਕਿ ਮੈਂ ਕੈਨੇਡਾ ਤੋਂ ਬੋਲ ਰਿਹਾ ਹਾਂ। ਮੈਨੂੰ ਪੀ ਆਰ ਮਿਲੀ ਹੈ। ਮੈਂ ਆਪਣੇ ਦੋਸਤਾਂ ਨਾਲ ਹੋਟਲ ਪਾਰਟੀ ਕਰ ਰਿਹਾ ਸੀ। ਮੇਰੇ ਦੋਸਤਾਂ ਵੱਲੋਂ ਜ਼ਿਆਦਾ ਪੀਣ ਕਾਰਨ ਵੇਟਰ ਦੇ ਸਿਰ ਵਿੱਚ ਬੋਤਲ ਮਾਰ ਦਿੱਤੀ ਤੇ ਵੇਟਰ ਹਸਪਤਾਲ ਚਲਾ ਗਿਆ।ਉਸ ਪਿੱਛੋਂ ਉਥੇ ਦੀ ਪੁਲਸ ਨੇ ਮੇਰਾ ਪਾਸਪੋਰਟ ਅਤੇ ਮੇਰਾ ਬੈਂਕ ਖਾਤਾ ਫ੍ਰੀਜ਼ ਕਰ ਦਿੱਤਾ ਹੈ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੇ ਕਿਹਾ ਕਿ ਉਸ ਨੇਮਦਦ ਦੀ ਮੰਗੀ ਕਿ ਮੇਰੇ ਖਾਤੇ ਵਿੱਚ 4000 ਡਾਲਰ ਪਾ ਦਿਓ।



ਇਸ ਮਕਸਦ ਲਈ ਉਸ ਨੇ ਇੱਕ ਵਾਟਸਐਪ ਨੰਬਰ ਦਿੱਤਾ ਕਿ ਇਹ ਮੇਰੇ ਵਕੀਲ ਦਾ ਨੰਬਰ ਹੈ। ਮੈਂ ਹਮਦਰਦੀ ਦੇ ਤੌਰ ਉੱਤੇ ਉਸ ਦੇ ਖਾਤੇ ਵਿੱਚ 2.40 ਲੱਖ ਰੁਪਏ ਪਾ ਦਿੱਤੇ, ਉਸ ਪਿੱਛੋਂ ਉਕਤ ਨੰਬਰਾਂ ਦੀ ਜਾਂਚ ਕੀਤੀ ਤਾਂ ਨੰਬਰ ਬੰਦ ਆ ਰਹੇ ਹਨ। ਪੀੜਤ ਨੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਤੇ ਸਾਈਬਰ ਕਰਾਈਮ ਬ੍ਰਾਂਚ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਡੂੰਘਾਈ ਤਕ ਜਾਂਚ ਪੜਤਾਲ ਕੀਤੀ ਜਾਵੇ।

# ਲਾੜਾ ਫੇਰੇ ਹੋਣ ਮਗਰੋਂ ਵੀ ਬਿਨਾਂ ਵਹੁਟੀ ਤੋਂ ਪਰਤਿਆ

ਮਾਛੀਵਾੜਾ, 15 ਮਈ (ਪੋਸਟ ਬਿਊਰੋ)- ਸਿਹਰਾ ਬੰਨ੍ਹ ਕੇ ਪੰਚਕੂਲਾ ਦੇ ਮੰਦਰ ਵਿੱਚ ਪੁੱਜੇ ਲਾੜੇ ਦੇ ਫੇਰੇ ਹੋ ਗਏ, ਪਰ ਡੋਲੀ ਤੋਰਨ ਮੌਕੇ ਦੂਜੀ ਧਿਰ ਦੀ ਵਿਚੋਲਣ ਵੱਲੋਂ ਪੈਸੇ ਮੰਗਣ ਉੱਤੇ ਲਾੜੇ ਨੂੰ ਬਿਨਾਂ ਵਹੁਟੀ ਤੋਂ ਮੁੜਨਾ ਪਿਆ।

ਮਿਲੀ ਜਾਣਕਾਰੀ ਮੁਤਾਬਕ ਨੇੜਲੇ ਇੱਕ ਪਿੰਡ ਦੇ ਗੁਰਪ੍ਰੀਤ ਸਿੰਘ ਤੇ ਉਸ ਦੇ ਪਰਵਾਰ ਨੂੰ ਇੱਕ ਵਿਚੋਲੀ ਰਿਸ਼ਤਾ ਕਰਵਾਉਣ ਲਈ ਥਾਂ-ਥਾਂ ਘੁਮਾਉਂਦੀ ਰਹੀ ਅਤੇ ਉਨ੍ਹਾਂ ਦਾ ਕਾਫੀ ਖਰਚ ਕਰਵਾ ਦਿੱਤਾ, ਪਰ ਰਿਸ਼ਤਾ ਕਿਤੇ ਵੀ ਪੱਕਾ ਨਾ ਹੋਇਆ। ਦੋ ਦਿਨ ਪਹਿਲਾਂ ਵਿਚੋਲਣ ਨੇ ਦੱਸਿਆ ਕਿ ਹਰਿਆਣੇਦੇ




ਗਰੀਬ ਪਰਵਾਰ ਦੀ ਲੜਕੀ ਹੈ। ਉਸ ਨੇ ਦੂਜੀ ਧਿਰ ਦੀ ਵਿਚੋਲਣ ਨਾਲ ਵੀ ਗੱਲ ਪੱਕੀ ਕਰ ਲਈ ਹੈ ਅਤੇ ਨੌਜਵਾਨ ਪਰਵਾਰ ਸਣੇ ਪੰਚਕੂਲਾ ਪਹੁੰਚ ਗਿਆ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਚਕੂਲਾ ਦੇ ਮਾਤਾ ਮਨਸਾ ਦੇਵੀ ਮੰਦਰ ਵਿੱਚ ਸੁਮਨ ਨਾਂਅ ਦੀ ਲੜਕੀ ਨਾਲ ਉਸ ਦਾ ਵਿਆਹ ਹੋ ਗਿਆ। ਇਸ ਦੌਰਾਨ ਉਹ ਲੜਕੀ ਲਈ ਪੰਜਾਹ ਹਜ਼ਾਰ ਰੁਪਏ ਖਰਚ ਕੇ ਕੱਪੜੇ ਤੇ ਹੋਰ ਹਾਰ-ਸ਼ਿੰਗਾਰ ਦਾ ਸਾਮਾਨ ਲੈ ਕੇ ਗਿਆ ਸੀ। ਵਿਚੋਲਣ ਨੇ ਪੰਜ ਹਜ਼ਾਰ ਨਕਦ ਵੀ ਲੈ ਲਏ। ਫੇਰਿਆਂ ਮਗਰੋਂ ਜਦੋਂ ਡੋਲੀ ਤੋਰਨੀ ਤਾਂ ਲੜਕੀ ਵਾਲਿਆਂ ਵੱਲੋਂ ਆਈ ਵਿਚੋਲਣ ਨੇ ਪੰਜਾਹ ਹਜ਼ਾਰ ਰੁਪਏ ਮਿਲਣ ਤੋਂ ਬਾਅਦ ਹੀ ਡੋਲੀ ਤੋਰਨ ਦੀ ਸ਼ਰਤ ਰੱਖ ਦਿੱਤੀ। ਪੈਸੇ ਦੇਣ ਤੋਂ ਅਸਮਰੱਥ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੈਸੇ ਦੇਣ ਤੋਂ ਮਨ੍ਹਾ ਕਰਨ ਉੱਤੇ ਦੂਜੀ ਧਿਰ ਦੀ ਵਿਚੋਲਣ ਲਾੜੀ ਨੂੰ ਲੈ ਕੇ ਖਿਸਕ ਗਈ। ਗੁਰਪ੍ਰੀਤ ਸਿੰਘ ਨੇ ਇਸ ਸਬੰਧੀ ਮਾਛੀਵਾੜਾ ਪੁਲਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

# ਕਰੰਟ ਲੱਗਣ ਨਾਲ ਦੋ ਜਣਿਆਂ ਦੀ ਮੌਤ

ਡੇਹਲੋਂ, 15 ਮਈ (ਪੋਸਟ ਬਿਊਰੋ)- ਕੱਲ੍ਹ ਨੇੜਲੇ ਪਿੰਡ ਕੈਂਡ ਵਿਖੇ ਮਕਾਨ ਦਾ ਲੈਂਟਰ ਪਾਉਣ ਸਮੇਂ ਇੱਕ ਮਿਸਤਰੀ ਅਤੇ ਮਜ਼ਦੂਰ ਦੀ ਛੱਤ ਉਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਨਾਲ ਲੱਗਣ ਕਾਰਨ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਕੈਂਡ ਵਿਖੇ ਕਾਲੋਨੀ ਵਿੱਚ ਕੁਲਵਿੰਦਰ ਕੌਰ ਪਤਨੀ ਪ੍ਰਭਚਰਨ ਪਿੰਡ ਕੈਂਡ ਜ਼ਿਲ੍ਹਾ ਲੁਧਿਆਣਾ ਦੇ ਮਕਾਨ ਦਾ ਲੈਂਟਰ ਪਾਉਣ ਸਮੇਂ ਮਕਾਨ ਉਪਰੋਂ ਲੰਘਦੀਆਂ ਹਾਈ ਵੋਲਟੇਜ਼ ਤਾਰਾਂ ਦੀ ਲਪੇਟ ਵਿੱਚ ਆਉਣ ਨਾਲ ਛੱਤ ਉਪਰ ਕੰਮ ਕਰ ਰਹੇ ਮਿਸਤਰੀ ਸਨੀ ਸਾਹਨੀ ਉਮਰ 24 ਸਾਲ ਵਾਸੀ ਸਮੱਸਤੀਪੁਰ ਬਿਹਾਰ ਅਤੇ ਉਸ ਦਾ ਮਜ਼ਦੂਰ ਲੱਲਣ ਵਾਸੀ ਬਿਹਾਰ ਦੀ ਬਿਜਲੀ ਦੀਆਂ ਤਾਰਾਂ ਦੇ ਨਾਲ ਲੱਗਣ ਕਾਰਨ ਮੌਤ ਹੋ ਗਈ।

# ਸ਼ਿਕਾਰੀਆਂ ਦੀ ਗੋਲੀਬਾਰੀ ਵਿੱਚ ਤਿੰਨ ਪੁਲਸ ਮੁਲਾਜ਼ਮਾਂ ਦੀ ਮੌਤ



ਭੋਪਾਲ, 15 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਗੁਣਾ ਜ਼ਿਲ੍ਹੇ ਵਿੱਚ ਕੱਲ੍ਹ ਸ਼ਿਕਾਰੀਆਂ ਨੇ ਤਿੰਨ ਪੁਲਸ ਵਾਲਿਆਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਇਹ ਜਾਣਕਾਰੀ ਦਿੱਤੀ।

ਮੰਤਰੀ ਨੇ ਦੱਸਿਆ ਕਿ ਇਹ ਘਟਨਾ ਰਾਜਧਾਨੀ ਭੋਪਾਲ ਤੋਂ ਕਰੀਬ 160 ਕਿਲੋਮੀਟਰ ਦੂਰ ਆਰੋਨ ਥਾਣੇ ਤਹਿਤ ਆਉਂਦੇ ਖੇਤਰ ਵਿੱਚ ਤੜਕੇ ਕਰੀਬ ਤਿੰਨ ਵਜੇ ਵਾਪਰੀ, ਜਦੋਂ ਪੁਲਸ ਵਾਲੇ ਬਦਮਾਸ਼ਾਂ ਨੂੰ ਫੜਨ ਗਏ ਸਨ।ਗ੍ਰਹਿ ਮੰਤਰੀ ਨੇ ਦੱਸਿਆ, ‘‘ਕੁਝ ਬਦਮਾਸ਼ਾਂ (ਸ਼ਿਕਾਰੀਆਂ) ਦੀ ਮੌਜੂਦਗੀ ਦੀ ਖੁਫੀਆ ਸੂਚਨਾ ਮਿਲਣ ਉੱਤੇ ਪੁਲਸ ਟੀਮ ਗੁਣਾ ਜ਼ਿਲ੍ਹੇ ਦੇ ਆਰੋਨ ਥਾਣੇ ਤਹਿਤ ਆਉਂਦੇ ਇੱਕ ਸਥਾਨ ਉੱਤੇ ਪਹੁੰਚੀ ਤੇ ਬਦਮਾਸ਼ਾਂ ਨੂੰ ਚਾਰਾਂ ਪਾਸਿਓਂ ਤੋਂ ਘੇਰ ਲਿਆ, ਜਿਸ ਤੋਂ ਬਾਅਦ ਬਦਮਾਸ਼ਾਂ ਨੇ ਪੁਲਸ ਵਾਲਿਆਂ ਉੱਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਵਿੱਚ ਤਿੰਨ ਪੁਲਸ ਵਾਲੇ ਮਾਰੇ ਗਏ।'' ਪੁਲਸ ਟੀਮ ਅਜਿਹੀਆਂ ਖ਼ਬਰਾਂ ਮਿਲਣ ਮਗਰੋਂ ਘਟਨਾ ਵਾਲੀ ਥਾਂ ਉੱਤੇ ਪਹੁੰਚੀ ਸੀ ਕਿ ਦੁਰਲੱਭ ਨਸਲ ਦੇ ਚਾਰ ਹਿਰਨਾਂ ਨੂੰ ਕੁਝ ਸ਼ਿਕਾਰੀਆਂ ਨੇ ਮਾਰ ਦਿੱਤਾ ਹੈ।ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਕਿਹਾ ਕਿ ਘਟਨਾ ਦੇ ਬਾਅਦ ਮੌਕੇ ਉੱਤੇ ਦੇਰੀ ਨਾਲ ਪਹੁੰਚਣ ਬਾਰੇ ਆਈ ਜੀ ਗਵਾਲੀਅਰ ਦਾ ਤਬਾਦਲਾ ਕਰਨ ਦਾ ਫੈਸਲਾ ਹੋਇਆ ਹੈ। ਸ਼ਿਕਾਰੀਆਂ ਦੇ ਹਮਲੇ ਵਿੱਚ ਮਾਰੇ ਗਏ ਇਨ੍ਹਾਂ ਪੁਲਸ ਮੁਲਾਜ਼ਮਾਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਉਨ੍ਹਾਂ ਦੇ ਪਰਵਾਰਾਂ ਨੂੰ ਇੱਕ ਇੱਕ ਕਰੋੜ ਰੁਪਏ ਦੀ ਮਦਦ ਰਾਸ਼ੀ ਅਤੇ ਹਰ ਸ਼ਹੀਦ ਦੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

# ਫਿਨਲੈਂਡ ਦਾ ਨਾਟੋ ਵਿੱਚ ਸ਼ਾਮਲ ਹੋਣ ਦਾ ਫੈਸਲਾ ਗਲਤ: ਪੂਤਿਨ



ਮਾਸਕੋ, 15 ਮਈ (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫਿਨਲੈਂਡ ਦੇ ਰਾਸ਼ਟਰਪਤੀ ਸਾਉਲੀ ਨਿਨਿਸਤੋ ਨੂੰ ਦੇਸ਼ ਦੀ ਨਿਰਪੱਖ ਹੈਸੀਅਤ ਨਾ ਛੱਡਣ ਲਈ ਕਿਹਾ ਹੈ। ਉਨ੍ਹਾ ਕਿਹਾ ਕਿ ਫਿਨਲੈਂਡ ਦਾ ਨਾਟੋ ਵਿੱਚ ਸ਼ਾਮਲ ਹੋਣ ਦਾ ਫੈਸਲਾ ਗਲਤ ਹੈ ਤੇ ਇਸ ਕਾਰਨ ਰੂਸ ਨਾਲ ਉਸ ਦੇ ਦੁਵੱਲੇ ਸਬੰਧਾਂ ਨੂੰ ਨੁਕਸਾਨ ਹੋਵੇਗਾ।

ਵਲਾਦੀਮੀਰ ਪੁਤਿਨ ਨੇ ਇਹ ਗੱਲ ਨਿਨਿਸਤੋ ਨੂੰ ਟੈਲੀਫੋਨ ਉੱਤੇ ਕਹੀ ਹੈ। ਫਿਨਲੈਂਡ ਦੇ ਰਾਸ਼ਟਰਪਤੀ ਨਿਨਿਸਤੋ ਨੇ ਨਾਟੋ ਵਿੱਚ ਸ਼ਮਲ ਹੋਣ ਦੇ ਆਪਣੇ ਦੇਸ਼ ਦੇ ਫੈਸਲੇ ਦੀ ਜਾਣਕਾਰੀ ਦੇਣ ਲਈ ਪੁਤਿਨ ਨੂੰ ਫੋਨ ਕੀਤਾ ਸੀ। ਇਸ ਦੌਰਾਨ ਰੂਸ ਦੇ ਗੁਆਂਢੀ ਦੇਸ਼ ਫਿਨਲੈਂਡ ਨੇ ਵੀਰਵਾਰ ਨੂੰ ਅਮਰੀਕਾ ਦੀ ਅਗਵਾਈ ਵਾਲੇ ਫੌਜੀ ਸੰਗਠਨ ਵਿੱਚ ਸ਼ਾਮਲ ਹੋਣ ਲਈ ਅਪਲਾਈ ਕਰਨ ਦਾ ਐਲਾਨ ਕੀਤਾ ਸੀ। ਪ੍ਰਤੀਕਿਰਿਆ ਵਿੱਚ ਰੂਸ ਨੇ ਫਿਨਲੈਂਡ ਦੇ ਇਸ ਫੈਸਲੇ ਨੂੰ ਆਪਣੀ ਸੁਰੱਖਿਆ ਲਈ ਖਤਰਨਾਕ ਦੱਸਿਆ ਤੇ ਕਿਹਾ ਸੀ ਕਿ ਨਾਟੋ ਦੇ ਹਥਿਆਰਾਂ ਦੀ ਤੈਨਾਤੀ ਰੂਸੀ ਸਰਹੱਦ ਦੇ ਨਜ਼ਦੀਕ ਹੋ ਜਾਵੇਗੀ। ਰੂਸ ਨੇ ਫਿਨਲੈਂਡ ਖਿਲਾਫ ਜੰਗੀ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ। ਫਿਨਲੈਂਡ ਦੇ ਰਾਸ਼ਟਰਪਤੀ ਦਫਤਰ ਨੇ ਦੱਸਿਆ ਹੈ ਕਿ ਇਸ ਵਾਰਤਾ ਵਿੱਚ ਨਿਨਿਸਤੋ ਨੇ ਪੁਤਿਨ ਨੂੰ ਕਿਹਾ ਕਿ ਯੂਕਰੇਨ ਉਤੇ ਰੂਸੀ ਹਮਲੇ ਨੇ ਖੇਤਰੀ ਸੁਰੱਖਿਆ ਦੇ ਵਾਤਾਵਰਨ ਨੂੰ ਬਦਲ ਦਿੱਤਾ ਹੈ। ਉਨ੍ਹਾ ਕਿਹਾ ਕਿ ਫਿਨਲੈਂਡ ਆਪਣੇ ਗੁਆਂਢੀ ਦੇਸ਼ ਰੂਸ ਨਾਲ ਸਹੀ ਤੇ ਪੇਸ਼ੇਵਰ ਤਰੀਕੇ ਵਾਲੇ ਸਬੰਧ ਚਾਹੁੰਦਾ ਹੈ, ਜੋ ਸੁਤੰਤਰ ਨੀਤੀਆਂ ਉੱਤੇ ਆਧਾਰਤ ਹੋਣੇ ਚਾਹੀਦੇ ਹਨ। ਰੂਸ ਨੇ ਕਿਹਾ ਕਿ ਪੁਤਿਨ ਦਾ ਜ਼ੋਰ ਫਿਨਲੈਂਡ ਦੀ ਫੌਜੀ ਨਿਰਪੱਖਤਾ ਰੱਖਣ ਉਤੇ ਸੀ, ਕਿਉਂਕਿ ਫਿਨਲੈਂਡ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ। ਜੇ ਫਿਨਲੈਂਡ ਆਪਣੀ ਵਿਦੇਸ਼ ਨੀਤੀ ਵਿੱਚ ਬਦਲਾਅ ਕਰਦਾ ਹੈ ਤਾਂ ਉਸ ਦਾ ਰੂਸ ਤੇ ਫਿਨਲੈਂਡ ਦੇ ਸਬੰਧਾਂ ਉਤੇ ਗਲਤ ਅਸਰ ਪਵੇਗਾ।

ਇਸ ਦੌਰਾਨ ਰੂਸ ਦੀ ਸਭ ਤੋਂ ਵੱਡੀ ਬਿਜਲੀ ਕੰਪਨੀ ਆਰ ਏ ਓ ਨਾਰਡਿਕ ਨੇ ਕੱਲ੍ਹ ਤੋਂ ਫਿਨਲੈਂਡ ਦੀ ਬਿਜਲੀ ਸਪਲਾਈ ਰੋਕ ਦਿੱਤੀ ਹੈ। ਕੰਪਨੀ ਨੇ ਅਜਿਹਾ ਆਪਣੇ ਬਕਾਇਆ ਬਿਜਲੀ ਬਿੱਲ ਦਾ ਭੁਗਤਾਨ ਨਾ ਹੋਣ ਦੇ ਕਾਰਨ ਕੀਤਾ ਹੈ। ਫਿਨਲੈਂਡ ਦੀ ਇਲੈਕਟ੍ਰੀਸਿਟੀ ਟਰਾਂਸਮਿਸ਼ਨ ਗਰਿੱਡ ਦੇ ਆਪਰੇਟਰ ਨੇ ਦੱਸਿਆ ਕਿ ਰੂਸੀ ਕੰਪਨੀ ਨੇ ਦੁਪਹਿਰੇ ਇੱਕ ਵਜੇ ਤੋਂ ਬਿਜਲੀ ਸਪਲਾਈ ਬੰਦ ਕਰ ਦਿੱਤੀ ਹੈ। ਰੂਸੀ ਕੰਪਨੀ ਦਾ ਬਕਾਇਆ ਛੇ ਮਈ ਤੋਂ ਬਾਅਦ ਨਹੀਂ ਦਿਤਾ ਗਿਆ। ਬੀਤੇ 20 ਸਾਲ ਵਿੱਚ ਇਹ ਹਾਲਤ ਪਹਿਲੀ ਵਾਰ ਬਣੀ ਅਤੇ ਰੂਸੀ ਕੰਪਨੀ ਨੇ ਬਿਜਲੀ ਦੀ ਸਪਲਾਈ ਰੋਕ ਦਿੱਤੀ ਹੈ।

# 8 ਕਰੋੜ ਦੇ ਨਕਲੀ ਇਨਪੁਟ ਟੈਕਸ ਕਰੈਡਿਟ ਰੈਕੇਟ ਦਾ ਭਾਂਡਾ ਭੱਜਾ, ਇੱਕ ਗ੍ਰਿਫਤਾਰ



ਠਾਣਾ, 15 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਠਾਣੇ ਜ਼ਿਲਾ ਦੇ ਸੈਂਟਰਲ ਜੀ ਐਸ ਟੀ ਕਮਿਸ਼ਨਰ ਨੇ ਇੱਕ ਨਕਲੀ ਜੀ ਐਸ ਟੀ ਇਨਪੁਟ ਟੈਕਸ ਕਰੈਡਿਟ (ਆਈ ਟੀ ਸੀ) ਰੈਕੇਟ ਦਾ ਪਰਦਾ ਫਾਸ਼ ਕੀਤਾ ਹੈ ਅਤੇ ਇੱਕ ਫਰਮ ਦੇ ਮਾਲਕ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧ ਵਿੱਚ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਸੀ ਜੀ ਐਸ ਟੀ ਮੁੰਬਈ ਦੇ ਕਮਿਸ਼ਨਰ ਨੇ ਦੱਸਿਆ ਕਿ ਖੇਤਰ ਦੀ ਕੇਂਦਰੀ ਖੁਫੀਆ ਇਕਾਈ ਵੱਲੋਂ ਇੱਕ ਵਿਸ਼ੇਸ਼ ਇਨਪੁਟ ਉੱਤੇ ਕਾਰਵਾਈ ਕਰਦੇ ਹੋਏ ਸੀ ਜੀ ਐਸ ਟੀ ਠਾਣੇ ਕਮਿਸ਼ਨਰੇਟ ਦੀ ਟੈਕਸ-ਚੋਰੀ ਬ੍ਰਾਂਚ ਨੇ ਇੱਕ ਲਾਈਮ ਡਿਪੂ, ਜੋ ਨਿਰਮਾਣ ਸਮੱਗਰੀ ਦੇ ਵਪਾਰ ਨਾਲ ਸਬੰਧਤ ਹੈ, ਦੇ ਖਿਲਾਫ ਜਾਂਚ ਸ਼ੁਰੂ ਕੀਤੀ।ਜਾਂਚ ਤੋਂ ਪਤਾ ਲੱਗਾ ਕਿ ਇਸ ਫਰਮ ਨੇ ਧੋਖਾਦੇਹੀ ਨਾਲ ਆਪਣੇ ਵਿੱਤੀ ਰਿਕਾਰਡ ਵਿੱਚ 8.05 ਕਰੋੜ ਰੁਪਏ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਸੀ। ਇਸ ਫਰਮ ਨੇ ਇੱਕ ਲੱਖ ਰੁਪਏ ਤੋਂ ਵੱਧ ਦੇ ਫਰਜ਼ੀ ਚਲਾਨ ਵੀ ਜਾਰੀ ਕੀਤੇ ਸਨ। ਸੀ ਜੀ ਐਸ ਟੀ ਐਕਟ 2017 ਦੇ ਨਿਯਮਾਂ ਦੀ ਉਲੰਘਣਾ ਵਿੱਚ ਮਾਲ ਦੀ ਸਪਲਾਈ ਤੋਂ ਬਿਨਾਂ ਚਾਲੀ ਕਰੋੜ ਰੁਪਏ ਦੇ ਫਰਜ਼ੀ ਇਨਪੁਟ ਟੈਕਸਟ ਕ੍ਰੈਡਿਟ ਨੂੰ ਪਾਸ ਕਰਨ ਲਈ ਜਾਂਚ ਦੌਰਾਨ ਆਪਣੇ ਬਿਆਨ ਵਿੱਚ ਇਸ ਫਰਮ ਦੇ ਮਾਲਕ ਨੇ ਸਵੀਕਾਰ ਕੀਤਾ ਕਿ ਉਸ ਨੇ ਮੁੰਬਈ ਸਥਿਤ ਕਈ ਬੁਨਿਆਦੀ ਢਾਂਚਾ ਕੰਪਨੀਆਂ ਨੂੰ ਕਮਿਸ਼ਨ ਲਈ ਫਰਜ਼ੀ ਚਲਾਨ ਜਾਰੀ ਕੀਤੇ ਸਨ।ਦੋਸ਼ੀ ਨੂੰ ਮੈਜਿਸਟਰੇਟ ਨੇ 14 ਦਿਨਾਂ ਦੀ ਕਾਨੂੰਨੀ ਹਿਰਾਸਤ ਵਿੱਚ ਭੇਜ ਦਿੱਤਾ ਸੀ। ਵਿੱਤੀ ਸਾਲ 2021-22 ਦੌਰਾਨ, ਸੀ ਜੀ ਐਸ ਟੀ ਠਾਣੇ ਕਮਿਸ਼ਨਰੇਟ ਨੇ 1354 ਕਰੋੜ ਰੁਪਏ ਦੀ ਜੀ ਐਸ ਟੀ ਚੋਰੀ ਦਾ ਪਤਾ ਲਾਇਆ ਸੀ। 34 ਕਰੋੜ ਵਸੂਲ ਕੀਤੇ ਗਏ ਅਤੇ ਸੱਤ ਟੈਕਸ ਚੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

# 2026 ਦੇ ਬਾਅਦ ਭਾਰਤੀ ਸ਼ੇਨੇਗੇਨ ਵੀਜ਼ੇ ਲਈ ਆਨਲਾਈਨ ਅਪਲਾਈ ਕਰ ਸਕਣਗੇ




ਨਵੀਂ ਦਿੱਲੀ, 15 ਮਈ (ਪੋਸਟ ਬਿਊਰੋ)- ਯੂਰਪੀ ਯੂਨੀਅਨ ਕਮਿਸ਼ਨ ਨੇ ਆਪਣੀਆਂ ਯੋਜਨਾਵਾਂ ਦਾ ਖੁਲਾਸਾ ਕਰਦੇ ਹੋਏ ਦਾਅਵਾ ਕੀਤਾ ਹੈ ਕਿ 2026 ਤਕ ਇਹ ਇੱਕ ਅਜਿਹਾ ਮੰਚ ਸਥਾਪਤ ਕਰੇਗਾ, ਜੋ ਸ਼ੇਨੇਗੇਨ ਵੀਜ਼ਾ-ਮੁਕਤ ਸਿਸਟਮਹੇਠ ਭਾਰਤੀਆਂ ਸਮੇਤ ਤੀਸਰੇ ਦੇਸ਼ਾਂ ਦੇ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਆਨਲਾਈਨ ਅਪਲਾਈ ਕਰਨ ਦੀ ਖੁੱਲ੍ਹ ਦੇਵੇਗਾ।

ਸ਼ੇਨੇਗੇਨ ਵੀਜ਼ਾ ਅਜਿਹਾ ਵੀਜ਼ਾ ਹੈ ਜਿਸ ਦੇ ਨਾਲ ਤੁਸੀਂ ਯੂਰਪ ਦੇ 26 ਦੇਸ਼ ਘੁੰਮ ਸਕੋਗੇ। ਇਸ ਜ਼ੋਨ ਵਿੱਚ ਯੂਰਪ ਦੇ ਜ਼ਿਆਦਾਤਰ ਦੇਸ਼ ਸ਼ਾਮਲ ਹਨ। ਇਹ ਦੁਨੀਆ ਦਾ ਸਭ ਤੋਂ ਵੱਡਾ ਵੀਜ਼ਾ ਫਰੀ ਟਰੈਵਲ ਏਰੀਆ ਵੀ ਹੈ। ਵਰਨਣ ਯੋਗ ਹੈ ਕਿ ਸ਼ੇਨੇਗੇਨ ਵੀਜ਼ਾ ਸ਼ਾਰਟ ਸਟੇਅ ਵੀਜ਼ਾ ਹੈ ਜਿਸ ਨਾਲ ਵਿਅਕਤੀ ਸ਼ੇਨੇਗੇਨ ਜ਼ੋਨ ਦੇ ਕਿਸੇ ਵੀ ਏਰੀਏ ਵਿੱਚ ਨੱਬੇ ਦਿਨ ਟੂਰਿਜ਼ਮ ਜਾਂ ਬਿਜ਼ਨਸ ਲਈ ਰੁਕ ਸਕਦਾ ਹੈ। ਸ਼ੇਨੇਗੇਨ ਐਗਰੀਮੈਂਟ ਉੱਤੇ ਸਾਈਨ ਕਰ ਕੇ ਆਪਣੇ ਬਾਰਡਰ ਵਿੱਚ ਟਰੈਵਲਰ ਨੂੰ ਘੁੰਮਣ ਦੀ ਆਜ਼ਾਦੀ ਯੂਰਪ ਦੇ 26 ਦੇਸ਼ਾਂ ਨੇ ਦਿੱਤੀ ਹੋਈ ਹੈ। ਜਿਨ੍ਹਾਂ ਵਿੱਚ ਆਸਟਰੀਆ, ਬੈਲਜ਼ੀਅਮ, ਚੈਕ ਰਿਪਬਲਿਕ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗ੍ਰੀਸ, ਹੰਗਰੀ, ਆਈਸਲੈਂਡ, ਇਟਲੀ, ਮਾਲਟਾ, ਲਾਤਵੀਆ, ਲਿਖਟੇਂਸ਼ਟਾਈਨ, ਲਿਥੁਆਨੀਆ, ਲਗਜ਼ਮਬਰਗ, ਨੀਦਰਲੈਂਡ, ਪੁਰਤਗਾਲ, ਸਲੋਵਾਕੀਆ, ਸਲੋਵੇਨੀਆ, ਨਾਰਵੇ, ਸਪੇਨ, ਸਵੀਡਨ, ਪੋਲੈਂਡ ਅਤੇ ਸਵਿੱਟਜ਼ਰਲੈਂਡ ਦੇਸ਼ ਸ਼ਾਮਲ ਹਨ।

# ਮੈਡੀਕਲ ਜਾਂਚ ਵਿੱਚ ਪੁਰਸ਼ ਐਲਾਨੀ ਔਰਤ ਨੂੰ ਪੁਲਸ ਦੀ ਨੌਕਰੀ ਦੇਣ ਦੇ ਹੁਕਮ



ਮੁੰਬਈ, 15 ਮਈ (ਪੋਸਟ ਬਿਊਰੋ)- ਬੰਬਈ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਉਸ ਔਰਤ ਦੀ ਰਾਜ ਪੁਲਸ ਵਿਭਾਗ ਵਿੱਚ ਨਿਯੁਕਤੀ ਨੂੰ ਦੋ ਮਹੀਨਿਆਂ ਅੰਦਰ ਅੰਤਿਮ ਰੂਪ ਦੇਣ ਦਾ ਨਿਰਦੇਸ਼ ਦਿੱਤਾ ਹੈ, ਜਿਸ ਨੇ ਸਬੰਧਤ ਪ੍ਰੀਖਿਆ ਪਾਸ ਕਰ ਲਈ, ਪਰ ਮੈਡੀਕਲ ਜਾਂਚ ਵਿੱਚ ਇਹ ਗੱਲ ਸਾਹ-ਮਣੇ ਆਉਣ ਨਾਲ ਆਪਣਾ ਅਹੁਦਾ ਗੁਆ ਬੈਠੀ ਸੀ ਕਿ ਉਹ 'ਪੁਰਸ਼' ਹੈ। ਜੱਜਾਂ ਦੇ ਬੈਂਚ ਨੇ ਇਹ ਫੈਸਲਾ ਪਿਛਲੇ ਹਫਤੇ ਓਦੋਂ ਸੁਣਾਇਆ, ਜਦੋਂ ਸੂਬੇ ਦੇ ਐਡਵੋਕੇਟ ਨੇ ਅਦਾਲਤ ਨੂੰ ਜਾਣੂ ਕਰਾਇਆ ਕਿ ਰਾਜ ਸਰਕਾਰ ਨੇ ਮੌਜੂਦਾ ਕੇਸ ਵਿੱਚ ਹਮਦਰਦੀ ਦ੍ਰਿਸ਼ਟੀਕੋਣ ਰੱਖਣ ਤੇ ਔਰਤ ਨੂੰ ਪੁਲਸ ਵਿਭਾਗ ਵਿੱਚ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ, ਪਰ 'ਕਾਂਸਟੇਬਲ ਤੋਂ ਵੱਖ ਅਹੁਦੇ' ਉੱਤੇ।

ਵਕੀਲ ਨੇ ਦਸਿਆ ਕਿ ਔਰਤ ਦੀ ਯੋਗਤਾ ਧਿਆਨ ਵਿੱਚ ਰੱਖਦੇ ਹੋਏ ਰਾਜ ਦੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਮੁੱਖ ਸੈਕਟਰੀ ਨੂੰ ਸਿਫਾਰਸ਼ ਭੇਜੀ ਜਾਏਗੀ। ਉਨ੍ਹਾਂ ਨੇ ਬੈਂਚ ਨੂੰ ਦੱਸਿਆ ਕਿ ਪਟੀਸ਼ਨਰ ਔਰਤ ਲਈ ਰੁਜ਼ਗਾਰ ਦੀਆਂ ਸ਼ਰਤਾਂ ਅਤੇ ਲਾਭ ਉਸ ਦੇ ਪੱਧਰ ਦੇ ਹੋਰ ਕਰਮਚਾਰੀਆਂ ਦੇ ਬਰਾਬਰ ਹੋਣਗੀਆਂ, ਜਿਨ੍ਹਾਂ ਨੂੰ ਮਾਪਦੰਡ ਦੇ ਅਧੀਨ ਭਰਤੀ ਕੀਤਾ ਜਾਂਦਾ ਹੈ।ਬੈਂਚ ਨੇ ਹੁਕਮ ਪਾਸ ਕਰਦੇ ਹੋਏ ਕਿਹਾ, ‘‘ਇਹ ਬੇਹੱਦ ਮੰਦਭਾਗਾ ਕੇਸ ਹੈ। ਪਟੀਸ਼ਨਰ ਵਿੱਚ ਕੋਈ ਦੋਸ਼ ਨਹੀਂ ਕੱਢਿਆ ਜਾ ਸਕਦਾ, ਕਿਉਂਕਿ ਉਸ ਨੇ ਔਰਤ ਦੇ ਰੂਪ ਵਿੱਚ ਆਪਣਾ ਕਰੀਅਰ ਬਣਾਇਆ ਹੈ।''

ਬੈਂਚ ਇੱਕ 23 ਸਾਲਾ ਔਰਤ ਦੀ ਪਟੀਸ਼ਨਦੀ ਸੁਣਵਾਈ ਕਰ ਰਿਹਾ ਸੀ, ਜਿਸ ਨੇ ਅਨੁਸੂਚਿਤ ਜਾਤੀ (ਐਸ ਸੀ) ਸ਼ਰੇਣੀ ਅਧੀਨ ਨਾਸਿਕ ਦਿਹਾਤੀ ਪੁਲਸ ਵਿੱਚ ਭਰਤੀ ਲਈ 2018 ਲਈ ਅਪਲਾਈ ਕੀਤਾ ਸੀ। ਉਸ ਨੇ ਲਿਖਤੀ ਅਤੇ ਸਰੀਰਕ ਪ੍ਰੀਖਿਆ ਪਾਸ ਕੀਤੀ। ਬਾਅਦ ਵਿੱਚ ਡਾਕਟਰੀ ਜਾਂਚ ਤੋਂ ਪਤਾ ਲੱਗਾ ਕਿ ਉਸ ਕੋਲ ਬੱਚੇਦਾਨੀ ਨਹੀਂ ਹੈ।

ਇੱਕ ਹੋਰ ਜਾਂਚ ਤੋਂ ਪਤਾ ਲੱਗਾ ਕਿ ਉਸ ਕੋਲ ਪੁਰਸ਼ ਅਤੇ ਮਹਿਲਾ ਦੋਵੇਂ ਗੁਣ ਸਨ ਅਤੇ ਇਸ ਵਿੱਚ ਕਿਹਾ ਗਿਆ ਕਿ ਉਹ ਪੁਰਸ਼ ਸੀ। ਇਸ ਤੋਂ ਬਾਅਦ ਔਰਤ ਨੇ ਇਹ ਕਹਿੰਦੇ ਹੋਏ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਕਿ ਉਸ ਨੂੰ ਆਪਣੇ ਸਰੀਰ ਬਾਰੇ ਇਨ੍ਹਾਂ ਤੱਥਾਂ ਦੀ ਜਾਣਕਾਰੀ ਨਹੀਂ ਸੀ। ਉਸ ਨੇ ਕਿਹਾ ਕਿ ਉਹ ਜਨਮ ਤੋਂ ਔਰਤ ਦੇ ਰੂਪ ਵਿੱਚ ਰਹਿ ਰਹੀ ਸੀ ਅਤੇ ਉਸ ਦੇ ਸਾਰੇ ਵਿਦਿਅਕ ਸਰਟੀਫਿਕੇਟ ਇੱਕ ਔਰਤ ਦੇ ਨਾਂਅ ਤੋਂ ਰਜਿਸਟਰਡ ਹਨ। ਉਸ ਨੂੰ ਸਿਰਫ ਇਸ ਲਈ ਭਰਤੀ ਤੋਂ ਵਾਂਝੇ ਨਹੀਂ ਕੀਤਾ ਜਾ ਸਕਦਾ ਹੈ, ਕਿ ਜਾਂਚ ਨੇ ਉਸ ਨੂੰ ਔਰਤ ਤੋਂ ਪੁਰਸ਼ ਕਰ ਦਿੱਤਾ ਹੈ।

# ਸ਼ਰਦ ਪਵਾਰ ਬਾਰੇ ਟਿੱਪਣੀ ਕਰਨ ਵਾਲੀ ਅਦਾਕਾਰਾ ਤੇ ਵਿਦਿਆਰਥੀ ਗ੍ਰਿਫਤਾਰ



ਮੁੰਬਈ, 15 ਮਈ (ਪੋਸਟ ਬਿਊਰੋ)- ਐਨ ਸੀ ਪੀ (ਨੈਸ਼ਨਲਿਸਟ ਕਾਂਗਰਸ ਪਾਰਟੀ) ਦੇ ਮੁਖੀ ਸ਼ਰਦ ਪਵਾਰ ਖਿਲਾਫ ਫੇਸਬੁਕ ਉੱਤੇ ਇਤਰਾਜ਼ਯੋਗ ਟਿੱਪਣੀ ਦੇ ਦੋਸ਼ ਹੇਠ ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿੱਚ ਮਰਾਠੀ ਅਭਿਨੇਤਰੀ ਕੇਤਕੀ ਚਿਤਾਲੇ ਦੂ ਖਿਲਾਫ ਕੱਲ੍ਹ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਇਸੇ ਦੌਰਾਨ ਨਾਸਿਕ ਜ਼ਿਲ੍ਹੇ ਵਿੱਚ ਕੱਲ੍ਹ ਫਾਰਮੇਸੀ ਦੇ 23 ਸਾਲਾ ਵਿਦਿਆਰਥੀ ਨੂੰ ਟਵਿੱਟਰ ਉੱਤੇ ਪਵਾਰ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਦੋਵਾਂ ਕੇਸਾਂ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਟੀ ਵੀ ਅਤੇ ਫਿਲਮ ਅਭਿਨੇਤਰੀ ਵੱਲੋਂ ਇੱਕ ਦਿਨ ਪਹਿਲਾਂ ਸਾਂਝੀ ਕੀਤੀ ਪੋਸਟ ਕਿਸੇ ਹੋਰ ਨੇ ਲਿਖੀ ਸੀ। ਮਰਾਠੀ ਭਾਸ਼ਾ ਵਿੱਚ ਲਿਖੀ ਪੋਸਟ ਵਿੱਚ ਐਨ ਸੀ ਪੀ ਮੁਖੀ ਦਾ ਪੂਰਾ ਨਾਂਅ ਨਹੀਂ ਲਿਖਿਆ, ਪਰ ਇਸ ਵਿੱਚ ਪਵਾਰ ਦਾ ਉਪ-ਨਾਮ ਅਤੇ ਅੱਸੀ ਸਾਲ ਦੀ ਉਮਰ ਲਿਖੀ ਹੈ। ਐਨ ਸੀ ਪੀ ਆਗੂ ਸ਼ਰਦ ਪਵਾਰ 81 ਸਾਲ ਦੇ ਹਨ। ਇਸ ਪੋਸਟ ਵਿੱਚ ਲਿਖਿਆ ਹੈ, ‘ਨਰਕ ਉਡੀਕ ਕਰ ਰਿਹਾ ਹੈ ਤੇ ਤੁਸੀਂ ਬ੍ਰਾਹਮਣਾਂ ਨੂੰ ਨਫਰਤ ਕਰਦੇ ਹੋ।' ਇਸੇ ਦੌਰਾਨ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਕੱਲ੍ਹ ਫਾਰਮੇਸੀ ਦੇ ਇੱਕ 23 ਸਾਲਾ ਵਿਦਿਆਰਥੀ ਨਿਖਿਲ ਭਾਮਰੇ ਨੂੰਵੀ ਟਵਿੱਟਰ ਉੱਤੇ ਸ਼ਰਦ ਪਵਾਰ ਦੇ ਖਿਲਾਫ ਟਿੱਪਣੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਨਿਖਿਲ ਨੇ ਆਪਣੇ ਟਵੀਟ ਵਿੱਚ ਕਿਹਾ ਸੀ ਕਿ ‘ਬਾਰਾਮਤੀ ਦੇ ਗਾਂਧੀ ਲਈ ਬਾਰਾਮਤੀ ਦਾ ਨੱਥੂਰਾਮ ਗੋਡਸੇ ਬਣਨ ਦਾ ਸਮਾਂ ਆ ਗਿਆ ਹੈ।' ਉਸ ਨੇ ਟਵੀਟ ਵਿੱਚ ਕਿਸੇ ਨੇਤਾ ਜਾਂ ਸਿਆਸੀ ਪਾਰਟੀ ਦਾ ਨਾਂਅ ਨਹੀਂ ਲਿਆ ਸੀ। ਇਸ ਰਾਜ ਦੇ ਪੁਣੇ ਜ਼ਿਲ੍ਹੇ ਦਾ ਇੱਕ ਸ਼ਹਿਰ ਬਾਰਾਮਤੀ, ਸ਼ਰਦ ਪਵਾਰ ਦਾ ਪਿੱਤਰੀ ਹਲਕਾ ਹੈ। ਮਹਾਤਮਾ ਗਾਂਧੀ ਦਾ ਕਾਤਲ ਵੀ ਇਸੇ ਸ਼ਹਿਰ ਤੋਂ ਸੀ।

# ਲਤਾ ਦੀ ਆਵਾਜ਼ ’ਚ ਮਧੂਬਾਲਾ ਸਿਰਫ ਆਪਣੀਆਂ ਫਿਲਮਾਂ ਵਿੱਚ ਗਾਣੇ ਚਾਹੁੰਦੀ ਸੀ: ਅਲਕਾ ਯਾਗਨਿਕ

ਮੁੰਬਈ, 15 ਮਈ (ਪੋਸਟ ਬਿਊਰੋ)- ਭਾਰਤੀ ਫਿਲਮ ਉਦਯੋਗ ਦੀ ਇੱਕ ਬੜੀ ਖੁਸ਼ਹਾਲ ਵਿਰਾਸਤ ਹੈ। ਅਸੀਂ ਪ੍ਰਸਿੱਧ ਅਦਾਕਾਰਾਂ ਨੂੰ ਸਿਲਵਰ ਸਕਰੀਨ ਉੱਤੇ ਪ੍ਰਦਰਸ਼ਨ ਕਰਦੇ ਦੇਖਿਆ ਹੈ ਤੇ ਇਸੇ ਤਰ੍ਹਾਂ ਲਤਾ ਮੰਗੇਸ਼ਕਰ ਵਰਗੀਆਂਪ੍ਰਸਿੱਧ ਗਾਇਕਾਵਾਂ, ਆਪਣੀ ਸੁਨਹਿਰੀ ਆਵਾਜ਼ ਨਾਲ ਸੰਗੀਤ ਪ੍ਰੇਮੀਆਂ ਦੀ ਪੀੜ੍ਹੀਆਂ ਨੂੰ ਖੁਸ਼ ਕਰ ਰਹੀਆਂ ਹਨ। ਅਜਿਹੇ ਵਿੱਚ ਪਿੱਛੇ ਜਿਹੇ ਲਾਂਚ ਹੋਇਆ ‘ਨਾਮ ਰਹਿ ਜਾਏਗਾ’ ਇੱਕ ਘਰੇਲੂ ਨਾਂਅ ਬਣ ਗਿਆ ਹੈ।

ਲਤਾ ਮੰਗੇਸ਼ਕਰ ਦੇ ਜੀਵਨ ਦੇ ਇੱਕ ਨਵੇਂ ਅਧਿਆਇ ਦੇ ਬਾਰੇ ਜਾਣਨ ਲਈ ਦਰਸ਼ਕ ਹਮੇਸ਼ਾਂ ਅਗਲੇ ਐਪੀਸੋਡ ਨੂੰ ਦੇਖਣ ਲਈ ਉਤਸੁਕ ਰਹਿੰਦੇ ਹਨ। ਇਸ ਨਾਲ ਜੁੜੀ ਦਿਲਚਸਪ ਗੱਲ ਇਹ ਹੈ ਕਿ ਮੰਨੀ-ਪ੍ਰਮੰਨੀ ਗਾਇਕਾ, ਅਲਕਾ ਯਾਗਨਿਕ ਨੇ ਮਹਾਨ ਗਾਇਕਾ ਦੇ ਬਾਰੇ ਇੱਕ ਸ਼ਾਨਦਾਰ ਕਹਾਣੀ ਸਾਂਝੀ ਕੀਤੀ ਹੈ, ਜੋ ਸ਼ਾਇਦ ਹੀ ਕੋਈ ਜਾਣਦਾ ਹੋਵੇਗਾ।ਸੰਗੀਤਕਾਰ, ਫਿਲਮ ਨਿਰਮ-ਾਤਾ ਜਾਂ ਕਿਸੇ ਵੀ ਅਭਿਨੇਤਾ ਲਈ ਇਹ ਇੱਕ ਆਸ਼ੀਰਵਾਦ ਸੀ ਕਿ ਉਨ੍ਹਾਂ ਨੂੰ ਆਪਣੀ ਫਿਲਮ ਵਿੱਚ ਲਤਾ ਦੀ ਆਵਾਜ਼ ਨੂੰ ਸ਼ਾਮਲ ਕਰਨ ਦਾ ਮੌਕਾ ਮਿਲਦਾ ਰਹੇ। ਉਸੇ ਦੇ ਬਾਰੇ ਭਾਰਤ ਦੇ ਸਭ ਤੋਂ ਮਸ਼ਹੂਰ ਪਲੇਅਬੈਕ ਗਾਇਕਾਂ ਵਿੱਚੋਂ ਇੱਕ, ਅਲਕਾ ਯਾਗਨਿਕ ਨੇ ਕਿਹਾ ਹੈ ਕਿ ‘‘ਮਧੂਬਾਲਾ ਪਹਿਲੀ ਅਭਿਨੇਤਰੀ ਸਨ ਜਿਨ੍ਹਾਂ ਨੇ ਕੰਟ੍ਰੈਕਟਸ ਕਰਨਾ ਸ਼ੁਰੂ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਦੀਆਂ ਫਿਲਮਾਂ ਵਿੱਚ ਸਿਰਫ ਲਤਾ ਮੰਗੇਸ਼ਕਰ ਗਾਏਗੀ। ਹਰ ਕੋਈ ਚਾਹੁੰਦਾ ਸੀ ਕਿ ਸਿਰਫ ਲਤਾ ਉਨ੍ਹਾਂ ਦੇ ਗਾਣੇ ਗਾਉਣ, ਇਸ ਲਈ ਹਮੇਸ਼ਾ ਤਰੀਕਾਂ ਦੀ ਕਮੀ ਰਹਿੰਦੀ ਸੀ ਅਤੇ ਇਸ ਤਰ੍ਹਾਂ ਲੋਕ ਉਨ੍ਹਾਂ ਨੂੰ ਮਨਾਉਣ ਲਈ ਹਰ ਹੱਦ ਤਕ ਜਾਂਦੇ ਹੁੰਦੇ ਸਨ। ਨਾਲ ਜਦ ਵਹੀਦਾ ਰਹਿਮਾਨ ਨੂੰ ਪਤਾ ਲੱਗਾ ਕਿ ਲਤਾ ਨੂੰ ਚਾਕਲੇਟ ਬਹੁਤ ਪਸੰਦ ਹਨ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਚਾਕਲੇਟ ਭੇਜਣਾ ਸ਼ੁਰੂ ਕਰ ਦਿੱਤਾ ਤਾਂ ਕਿ ਲਤਾ ਉਨ੍ਹਾਂ ਦੇ ਨਾਲ ਸਟੇਜ ਸ਼ੋਅ ਕਰਨ ਲਈ ਰਾਜ਼ੀ ਹੋ ਜਾਏ।

# ਜਾਦੂ ਟੂਣੇ ਦੇ ਸ਼ੱਕ ਵਿੱਚ ਨੌਜਵਾਨ ਨੇ ਮਾਮੇ ਦਾ ਸਿਰ ਵੱਢਿਆ

ਸਿਧੀ, 15 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸਿਧੀ ਜ਼ਿਲ੍ਹੇ ਵਿੱਚ ਕਾਲੇ ਜਾਦੂ ਦੇ ਸ਼ੱਕ ਵਿੱਚ ਇੱਕ ਨੌਜਵਾਨ ਨੇ ਆਪਣੇ ਸੱਠ ਸਾਲਾ ਮਾਮੇ ਦਾ ਸਿਰ ਵੱਢ ਦਿੱਤਾ। ਇਹੀ ਨਹੀਂ ਕਤਲ ਕਰਨ ਤੋਂ ਬਾਅਦ ਦੋਸ਼ੀ ਵੱਢਿਆ ਹੋਇਆ ਸਿਰ ਅਤੇ ਕੁਹਾੜੀ ਹੱਥ ਵਿੱਚ ਲੈ ਕੇ ਥਾਣੇ ਵੱਲ ਜਾਣ ਲੱਗਾ, ਪਰ ਪੁਲਸ ਨੇ ਉਸ ਨੂੰ ਰਸਤੇ ਵਿੱਚ ਫੜ ਲਿਆ। ਇਹ ਘਟਨਾ ਸ਼ੁੱਕਰਵਾਰ ਨੂੰ ਜ਼ਿਲ੍ਹਾ ਹੈਡਕੁਆਰਟਰ ਤੋਂ ਕਰੀਬ 10 ਕਿਲੋਮੀਟਰ ਦੂਰ ਜਮੋੜੀ ਥਾਣਾ ਖੇਤਰ ਦੇ ਕਾਰੀਮਾਟੀ ਪਿੰਡ ਵਿੱਚ ਵਾਪਰੀ। ਦੋਸ਼ੀ ਨੌਜਵਾਨ (26) ਨੂੰ ਸ਼ੱਕ ਸੀ ਕਿ ਉਸ ਦਾ ਮਾਮਾ ਉਸ ਉੱਤੇ ਜਾਦੂ ਕਰ ਕੇ ਉਸ ਦੇ ਅਤੇ ਪਰਵਾਰ ਲਈ ਸਮੱਸਿਆ ਪੈਦਾ ਕਰ ਰਿਹਾ ਹੈ।ਦੋਸ਼ੀ ਬਹਾਦਰ ਗੋਂਡ ਸ਼ੁੱਕਰਵਾਰ ਨੂੰ ਆਪਣੇ ਮਾਮੇ ਮਕਸੂਦਨ ਗੋਂਡ ਦੇ ਘਰ ਗਿਆ ਅਤੇ ਜਾਦੂ ਦੀ ਗੱਲ ਉੱਤੇ ਦੋਵਾਂ ਵਿੱਚ ਬਹਿਸਬਾਜ਼ੀ ਹੋ ਗਈ, ਇਸ ਤੋਂ ਬਾਅਦ ਨੌਜਵਾਨ ਨੇ ਕੁਹਾੜੀ ਨਾਲ ਮਾਮੇ ਉੱਤੇ ਹਮਲਾ ਕਰ ਦਿੱਤਾ।

# ਸੰਜੇ ਰਾਊਤ ਵੱਲੋਂ ‘ਇੱਕ ਦੇਸ਼, ਇੱਕ ਭਾਸ਼ਾ’ ਦੀ ਵਕਾਲਤ

ਮੁੰਬਈ, 15 ਮਈ (ਪੋਸਟ ਬਿਊਰੋ)- ਸ਼ਿਵ ਸੈਨਾ ਆਗੂ ਸੰਜੇ ਰਾਊਤ ਨੇ ਕੱਲ੍ਹ ‘ਇੱਕ ਦੇਸ਼, ਇੱਕ ਭਾਸ਼ਾ’ ਦੀ ਵਕਾਲਤ ਕਰਦਿਆਂ ਕਿਹਾ ਕਿ ਹਿੰਦੀ ਪੂਰੇ ਭਾਰਤ ਵਿੱਚ ਬੋਲੀ ਜਾਂਦੀ ਹੈ ਤੇ ਇਸ ਨੂੰ ਸਵੀਕਾਰ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਨੂੰ ਚੁਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਕਿ ਸਾਰੇ ਰਾਜਾਂ ਦੀ ਇੱਕ ਭਾਸ਼ਾ ਹੋਵੇ।

ਸੰਜੇ ਰਾਊਤ ਦੀ ਇਹ ਟਿੱਪਣੀ ਉਸ ਵੇਲੇ ਆਈ ਹੈ, ਜਦੋਂ ਕਰੀਬ ਇੱਕ ਮਹੀਨਾ ਪਹਿਲਾਂ ਅਮਿਤ ਸ਼ਾਹ ਨੇ ਕਿਹਾ ਸੀ ਕਿ ਹਿੰਦੀ ਨੂੰ ਅੰਗਰੇਜ਼ੀ ਦੇ ਬਦਲ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ, ਨਾ ਕਿ ਲੋਕਲ ਭਾਸ਼ਾਵਾਂ ਦੇ ਬਦਲ ਵਜੋਂ। ਉਨ੍ਹਾਂ ਦੇ ਬਿਆਨ ਦਾ ਦੱਖਣੀ ਰਾਜਾਂ ਦੇ ਕਈ ਵੱਡੇ ਆਗੂਆਂ ਨੇ ਵਿਰੋਧ ਕੀਤਾ ਸੀ। ਰਾਊਤ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਹਮੇਸ਼ਾ ਹਿੰਦੀ ਦਾ ਸਨਮਾਨ ਕੀਤਾ ਹੈ। ਉਨ੍ਹਾਂ ਕਿਹਾ, ‘‘ਮੈਨੂੰ ਜਦੋਂ ਵੀ ਸਦਨ ਵਿੱਚ ਮੌਕਾ ਮਿਲੇ ਤਾਂ ਮੈਂ ਹਿੰਦੀ ਬੋਲਦਾ ਹਾਂ, ਕਿਉਂਕਿ ਦੇਸ਼ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ। ਇਹ ਰਾਸ਼ਟਰ ਦੀ ਭਾਸ਼ਾ ਹੈ। ਹਿੰਦੀ ਇੱਕੋ-ਇੱਕ ਭਾਸ਼ਾ ਹੈ, ਜਿਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ।'' ਰਾਊਤ ਨੇ ਇਹ ਵੀ ਕਿਹਾ ਕਿ ਹਿੰਦੀ ਫਿਲਮ ਸਨਅਤ ਦਾ ਸਾਰੀ ਦੁਨੀਆ ਵਿੱਚ ਵੱਡਾ ਪ੍ਰਭਾਵ ਹੈ। ਇਸ ਲਈ ਕਿਸੇ ਵੀ ਭਾਸ਼ਾ ਦੀ ਬੇਇੱਜ਼ਤੀ ਨਹੀਂ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ, ‘‘ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚੁਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਕਿ ਸਾਰੇ ਰਾਜਾਂ ਵਿੱਚ ਇੱਕ ਭਾਸ਼ਾ ਹੋਵੇ।''







ਹੱਦਬੰਦੀ ਕਮਿਸ਼ਨ ਦਾ ਮਾਮਲਾ

# ਸੁਪਰੀਮ ਕੋਰਟ ਵੱਲੋਂ ਕੇਂਦਰ, ਜੰਮੂ ਕਸ਼ਮੀਰ ਅਤੇ ਚੋਣ ਕਮਿਸ਼ਨ ਕੋਲੋਂ ਜਵਾਬ ਤਲਬ

ਨਵੀਂ ਦਿੱਲੀ, 15 ਮਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਹੱਦਬੰਦੀ ਕਮਿਸ਼ਨ ਖ਼ਿਲਾਫ਼ ਦਾਇਰ ਪਟੀਸ਼ਨ ਉੱਤੇ ਕੇਂਦਰ ਸਰਕਾਰ, ਜੰਮੂ ਕਸ਼ਮੀਰ ਪ੍ਰਸ਼ਾਸਨ ਅਤੇ ਭਾਰਤੀ ਚੋਣ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਲੋਕ ਸਭਾ ਤੇ ਵਿਧਾਨ ਸਭਾ ਸੀਟਾਂ ਦੀ ਮੁੜ ਵੰਡ ਲਈ ਹੱਦਬੰਦੀ ਕਮਿਸ਼ਨ ਬਣਾਉਣ ਦੇ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਇਹ ਪਟੀਸ਼ਨ ਜੰਮੂ ਕਸ਼ਮੀਰ ਦੇ ਦੋ ਲੋਕਾਂ ਨੇ ਦਾਇਰ ਕੀਤੀ ਹੈ।

ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਐਮ ਐਮ ਸੁੰਦਰੇਸ਼ ਨੇ ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਛੇ ਹਫ਼ਤਿਆਂ ਅੰਦਰ ਜਵਾਬ ਮੰਗਿਆ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਤੋਂ ਦੋ ਹਫ਼ਤਿਆਂ ਬਾਅਦ ਜਵਾਬੀ ਐਫੀਡੇਵਿਟ ਵੀ ਦਾਇਰ ਕੀਤਾ ਜਾਵੇ। ਦੋਵੇਂ ਪਟੀਸ਼ਨਰਾਂ ਹਾਜ਼ੀ ਅਬਦੁਲ ਗਨੀ ਖਾਨ ਅਤੇ ਡਾ. ਮੁਹੰਮਦ ਅਯੂਬ ਮੱਟੂ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਇਹ ਹੱਦਬੰਦੀ ਦੀ ਪ੍ਰਕਿਰਿਆ ਸੰਵਿਧਾਨ ਦੀਆਂ ਮੱਦਾਂ ਤੋਂ ਉਲਟ ਜਾ ਕੇ ਕੀਤੀ ਗਈ ਹੈ। ਬੈਂਚ ਨੇ ਕਿਹਾ ਕਿ ਹੱਦਬੰਦੀ ਕਮਿਸ਼ਨ ਕੁਝ ਸਮਾਂ ਪਹਿਲਾਂ ਬਣਾਇਆ ਗਿਆ ਸੀ। ਬੈਂਚ ਨੇ ਪਟੀਸ਼ਨਰਾਂ ਨੂੰ ਪੁੱਛਿਆ ਕਿ ਉਹ ਓਦੋਂ ਕਿੱਥੇ ਸਨ ਅਤੇ ਓਦੋਂ ਕਮਿਸ਼ਨ ਦੇ ਗਠਨ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ। ਵਕੀਲ ਨੇ ਕਿਹਾ ਹੱਦਬੰਦੀ ਹੁਕਮਾਂ ਅਨੁਸਾਰ ਸਿਰਫ਼ ਚੋਣ ਕਮਿਸ਼ਨ ਹੀ ਕੋਈ ਤਬਦੀਲੀ ਕਰਨ ਦੇ ਸਮਰੱਥ ਹੈ। ਬੈਂਚ ਨੇ ਕਿਹਾ ਕਿ ਉਹ ਧਾਰਾ 32 ਤਹਿਤ ਇੱਕ ਵਿਸ਼ੇਸ਼ ਸਵਾਲ ਪੁੱਛਦੇ ਹਨ ਕਿ ਤੁਸੀਂ ਕਮਿਸ਼ਨ ਦੇ ਗਠਨ ਦਾ ਵਿਰੋਧ ਕਿਉਂ ਨਹੀਂ ਕੀਤਾ ਤੇ ਕੀ ਤੁਸੀਂ ਧਾਰਾ 370 ਰੱਦ ਕਰਨ ਦਾ ਵਿਰੋਧ ਕੀਤਾ ਸੀ? ਅਦਾਲਤ ਨੇ ਵਕੀਲ ਨੂੰ, ਜੋ ਇਤਰਾਜ਼ਯੋਗ ਟਿੱਪਣੀ ਕਰ ਰਹੇ ਸਨ, ਢੁੱਕਵੇਂ ਸ਼ਬਦਾਂ ਦੀ ਚੋਣ ਕਰਨ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਕਸ਼ਮੀਰ ਹਮੇਸ਼ਾ ਤੋਂ ਭਾਰਤ ਦਾ ਹਿੱਸਾ ਸੀ ਤੇ ਸਿਰਫ਼ ਇੱਕ ਵਿਸ਼ੇਸ਼ ਮੱਦ ਹਟਾਈ ਗਈ ਹੈ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਪੀਲ ਵਿੱਚ ਦੋ-ਪਾਸੜ ਗੱਲ ਹੈ। ਮਹਿਤਾ ਅਨੁਸਾਰ ਪਹਿਲਾਂ ਇਹ ਕਿਹਾ ਗਿਆ ਕਿ ਹੱਦਬੰਦੀ ਸਿਰਫ਼ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਸਕਦੀ ਹੈ, ਨਾ ਕਿ ਹੱਦਬੰਦੀ ਕਮਿਸ਼ਨ ਵੱਲੋਂ। ਦੂਜੀ ਗੱਲ ਇਹ ਕਿ ਉਨ੍ਹਾਂ ਜਨਗਣਨਾ ਬਾਰੇ ਵੀ ਸਵਾਲ ਚੁੱਕੇ ਹਨ।

# ਫ਼ਲਾਈਟ ਵਿੱਚ ਯਾਤਰੀ ਵੱਲੋਂ ਹੰਗਾਮਾ, ਏਅਰ ਹੋਸਟੈਸ ਅਤੇ ਪਾਇਲਟ ਨੂੰ ਕੁੱਟਿਆ

ਏਥਨਜ਼, 15 ਮਈ (ਪੋਸਟ ਬਿਊਰੋ)- ਫ਼ਲਾਈਟ ਵਿੱਚ ਯਾਤਰਾ ਦੌਰਾਨ ਯਾਤਰੀਆਂ ਵੱਲੋਂ ਕੀਤੇ ਜਾਂਦੇ ਦੁਰਵਿਹਾਰ ਦੇ ਕਈ ਕੇਸ ਸਾਹਮਣੇ ਆਉਂਦੇ ਰਹਿੰਦੇ ਹਨ। ਤਾਜ਼ਾ ਮਾਮਲੇ ਵਿੱਚ ਯੂਨਾਨ ਦੇ ਟਾਪੂ ਕ੍ਰੀਟ ਲਈ 'ਵਿਜ਼ ਏਅਰ' ਦੀ ਉਡਾਣ ਵਿੱਚ ਸਵਾਰ ਇੱਕ ਬ੍ਰਿਟਿਸ਼ ਯਾਤਰੀ ਨੂੰ ਵੱਡੇ ਹੰਗਾਮੇ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ।

ਫ਼ਲਾਈਟ ਵਿੱਚ ਸਵਾਰ ਸੈਲਾਨੀਆਂ ਮੁਤਾਬਕ ਦੋਸ਼ੀ ਨੇ ਹੋਰ ਯਾਤਰੀਆਂ ਅਤੇ ਪਾਇਲਟ ਦੀ ਵੀ ਕੁੱਟਮਾਰ ਕੀਤੀ ਸੀ।ਜਹਾਜ਼ ਦੇ ਗ੍ਰੀਕ ਟਾਪੂ ਉੱਤੇ ਉਤਰਨ ਪਿੱਛੋਂ ਫ਼ਲਾਈਟ ਵਿੱਚ ਕੁੱਟਮਾਰ ਸ਼ੁਰੂ ਹੋਈ। ਇਸ ਝਗੜੇ ਵਿੱਚ ਕਈ ਮਰਦ-ਔਰਤਾਂ ਜ਼ਖ਼ਮੀ ਵੀ ਹੋ ਗਏ। ਬਾਅਦ ਵਿੱਚ ਪੁਲਸ ਨੇ ਸ਼ਰਾਬੀ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ।

ਡੇਲੀਮੇਲ ਦੀ ਰਿਪੋਰਟ ਮੁਤਾਬਕ ਗਵਾਹਾਂ ਨੇ ਦੱਸਿਆ ਕਿ ਯਾਤਰੀ ਅਤੇ ਉਸ ਦਾ ਦੋਸਤ ਪੂਰੀ ਉਡਾਣ ਦੌਰਾਨ ਦੁਰਵਿਹਾਰ ਕਰਦੇ ਰਹੇ। ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਪੁਲਸ ਦੋਵਾਂ ਨੂੰ ਹਵਾਈ ਅੱਡੇ ਉੱਤੇਗ੍ਰਿਫਤਾਰ ਕਰ ਲਵੇਗੀ ਤਾਂ ਉਹ ਗੁੱਸੇ ਵਿੱਚ ਆ ਗਏ। ਸੈਲਾਨੀਆਂ ਨੇ ਦੱਸਿਆ ਕਿ ਦੋਵੇਂ ਪੂਰੀ ਯਾਤਰਾ ਦੌਰਾਨ ਸਿਗਰਾਟ ਪੀ ਰਹੇ ਸਨ ਤੇ ਸਾਥੀ ਯਾਤਰੀਆਂ ਨੂੰ ਡਰਾ ਰਹੇ ਸਨ ਅਤੇ ਫ਼ਲਾਈਟ ਉੱਤੇ ਚੜ੍ਹਨ ਤੋਂ ਪਹਿਲਾਂ ਹੀ ਨਸ਼ੇ ਵਿੱਚ ਟੱਲੀ ਸਨ। ਦੋਵੇਂ ਕਹਿ ਰਹੇ ਸਨ ਕਿ ਉਹ ਸਵੇਰੇ 10 ਵਜੇ ਤੋਂ ਸ਼ਰਾਬ ਪੀ ਰਹੇ ਹਨ, ਫਿਰ ਵੀ ਏਅਰ ਹੋਸਟੈਸ ਉਨ੍ਹਾਂ ਨੂੰ ਸ਼ਰਾਬ ਪਿਲਾਉਂਦੀ ਰਹੀ।

# ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਨਿੱਜੀ ਮੁਚੱਲਕੇ ਉਤੇ ਅਗਾਊਂ ਜ਼ਮਾਨਤ ਮਿਲੀ



ਚੰਡੀਗੜ੍ਹ, 15 ਮਈ (ਪੋਸਟ ਬਿਊਰੋ)- ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਦੋ ਸਾਲ ਪਹਿਲਾਂ ਦੇ ਕੇਸ ਵਿੱਚ ਜ਼ਿਲ੍ਹਾ ਅਦਾਲਤ ਤੋਂ ਅਗਾਊਂ ਜ਼ਮਾਨਤ ਮਿਲ ਗਈ ਹੈ। ਅਦਾਲਤ ਨੇ ਚੀਮਾ ਨੂੰ ਸ਼ਰਤਾਂ ਤਹਿਤ 50,000 ਰੁਪਏ ਦੀ ਜ਼ਮਾਨਤੀ ਬਾਂਡ ਉੱਤੇ ਅਗਾਊਂ ਜ਼ਮਾਨਤ ਦਿੱਤੀ ਹੈ। ਚੀਮਾ ਨੇ ਐਡੀਸ਼ਨਲ ਡਿਸਟ੍ਰਿਕਟ ਜੱਜ ਡਾ. ਰਜਨੀਸ਼ ਦੀ ਅਦਾਲਤ ਵਿੱਚ ਅਗਾਊਂ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ, ਜਿਸ ਦੀ ਸੁਣਵਾਈ ਪਿੱਛੋਂ ਕੱਲ੍ਹ ਅਦਾਲਤ ਨੇ ਚੀਮਾ ਸਾਹਮਣੇ ਇਹ ਸ਼ਰਤ ਰੱਖੀ ਕਿ ਜੇ ਲੋੜ ਪਈ ਤਾਂ ਉਹ ਕੇਸ ਦੀ ਜਾਂਚ ਵਿੱਚ ਸ਼ਾਮਲ ਹੋਣਗੇ ਅਤੇ ਉਹ ਸਰਕਾਰੀ ਗਵਾਹਾਂ ਨੂੰ ਪ੍ਰਭਾਵਤ ਜਾਂ ਸੰਪਰਕ ਨਹੀਂ ਕਰਨਗੇ ਤੇ ਅਦਾਲਤ ਦੀ ਇਜਾਜ਼ਤ ਬਿਨਾਂ ਦੇਸ਼ ਛੱਡ ਕੇ ਨਹੀਂ ਜਾਣਗੇ।

ਅਦਾਲਤ ਨੇ ਕਿਹਾ ਹੈ ਕਿ ਸੁਣਵਾਈ ਦੌਰਾਨ ਜਦੋਂ ਹਰਪਾਲ ਸਿੰਘ ਚੀਮਾ ਹਾਜ਼ਰ ਨਾ ਹੋਏ ਤਾਂ ਜ਼ਮਾਨਤ ਵਾਪਸ ਲੈ ਲਈ ਜਾਵੇਗੀ। ਮੰਤਰੀ ਨੇ ਅਦਾਲਤ ਵੱਲੋਂ ਦੱਸੀਆ ਸਾਰੀਆਂ ਸ਼ਰਤਾਂ ਮੰਨਣ ਦੀ ਹਾਮੀ ਭਰੀ ਤਾਂ ਅਗਾਊਂ ਜ਼ਮਾਨਤ ਮਿਲ ਗਈ। ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਹੋਏ ਵਕੀਲ ਨੇ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਮੌਜੂਦਾ ਕੇਸ ਵਿੱਚ ਪ੍ਰੇਸ਼ਾਨ ਕਰਨ ਤੇ ਦਬਾਅ ਬਣਾਉਣ ਲਈ ਫਸਾਇਆ ਗਿਆ ਹੈ। ਸ਼ਿਕਾਇਤ ਵਿੱਚ ਉਸ ਵਿਰੁੱਧ ਕੋਈ ਦੋਸ਼ ਨਹੀਂ, ਉਸ ਨੂੰ ਕਿਸੇ ਭੂਮਿਕਾ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਪਿਛਲੇ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ ਹਨ ਅਤੇ ਉਨ੍ਹਾਂ ਨੇ ਕਦੇ ਵੀ ਕਾਨੂੰਨਾਂ ਤੋਂ ਉਲਟ ਕੋਈ ਕੰਮ ਨਹੀਂ ਕੀਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਊਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ

Best Rates For Lessons



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ




# ਜੁਲਾਈ ਵਿੱਚ ਕੈਨੇਡਾ ਦਾ ਦੌਰਾ ਕਰਨਗੇ ਪੋਪ ਫਰਾਂਸਿਸ

ਓਟਵਾ, 15 ਮਈ (ਪੋਸਟ ਬਿਊਰੋ) : ਇਨ੍ਹਾਂ ਗਰਮੀਆਂ ਵਿੱਚ ਪੋਪ ਫਰਾਂਸਿਸ ਕੈਨੇਡਾ ਆਉਣਗੇ। ਵੈਟੀਕਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਦੌਰਾਨ ਪੋਪ ਅਲਬਰਟਾ, ਕਿਊਬਿਕ ਤੇ ਨੂਨਾਵਤ ਵਿੱਚ ਰੁਕਣਗੇ।



ਇਹ ਵੀ ਜਾਣਕਾਰੀ ਦਿੱਤੀ ਗਈ ਕਿ 24 ਤੋਂ 29 ਜੁਲਾਈ ਨੂੰ ਕੀਤੇ ਜਾਣ ਵਾਲੇ ਇਸ ਦੌਰੇ ਦੌਰਾਨ ਪੋਪ ਐਡਮੰਟਨ, ਕਿਊਬਿਕ ਸਿਟੀ ਤੇ ਇਕੁਆਲਿਟ ਵਰਗੀਆਂ ਅਹਿਮ ਸਿਟੀਜ਼ ਵਿੱਚ ਜਾਣਗੇ। ਕੈਨੇਡਾ ਵਿੱਚ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਰੋਮਨ ਕੈਥੋਲਿਕ ਚਰਚ ਦੀ ਭੂਮਿਕਾ ਲਈ ਪਿਛਲੇ ਮਹੀਨੇ ਮੁਆਫੀ ਮੰਗਣ ਤੋਂ ਬਾਅਦ ਪੋਪ ਇਹ ਇਤਿਹਾਸਕ ਦੌਰਾ ਕਰਨਗੇ।

ਕੈਨੇਡੀਅਨ ਕਾਨਫਰੰਸ ਆਫ ਕੈਥੋਲਿਕ ਬਿਸ਼ਪਸ ਲਈ ਇਸ ਟਰਿੱਪ ਦੇ ਜਨਰਲ ਕੋਆਰਡੀਨੇਟਰ, ਐਡਮੰਟਨ ਦੇ ਆਰਚਬਿਸ਼ਪ ਰਿਚਰਡ ਸਮਿੱਥ ਨੇ ਆਖਿਆ ਕਿ ਇੰਡੀਜੀਨਸ ਦੇ ਪੁਰਾਣੇ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਤੇ ਸੁਲ੍ਹਾ ਲਈ ਚੁੱਕਿਆ ਗਿਆ ਇਹ ਦੂਜਾ ਅਹਿਮ ਕਦਮ ਹੈ। ਸਮਿੱਥ ਨੇ ਆਖਿਆ ਕਿ ਵੈਟੀਕਨ ਵੱਲੋਂ ਜਿਹੜੀਆਂ ਥਾਂਵਾਂ ਚੁਣੀਆਂ ਗਈਆਂ ਹਨ ਉਹ ਪੋਪ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਚੁਣੀਆਂ ਗਈਆਂ ਹਨ।

ਉਨ੍ਹਾਂ ਆਖਿਆ ਕਿ ਖਾਸ ਸਾਈਟਸ ਤੇ ਰਸਮੀ ਪ੍ਰੋਗਰਾਮ ਇੰਡੀਜੀਨਸ ਭਾਈਵਾਲਾਂ ਨਾਲ ਰਲ ਕੇ ਤਿਆਰ ਕੀਤਾ ਜਾਵੇਗਾ।

